


# ਵਿਅਕਤੀਗਤ ਸਿੱਖਿਆ ਯੋਜਨਾਵਾਂ

## ਮਾਤਾ-ਪਿਤਾ ਲਈ ਇੱਕ ਗਾਈਡ

ਕੈਥਰੀਨ ਅਬਰਾਹਮ ਅਤੇ ਜੋਇਸ ਗ੍ਰਾਮ ਦੁਆਰਾ
ਮਾਤਾ-ਪਿਤਾ ਸਲਾਹਕਾਰ ਕੌਂਸਲਾਂ ਦੇ ਬੀ.ਸੀ. ਮਹਾਂਸੰਘ (BC Confederation of Parent Advisory Councils) ਦੇ ਸਹਿਯੋਗ ਨਾਲ

BCCPAC

**ਵਿਅਕਤੀਗਤ ਸਿੱਖਿਆ ਯੋਜਨਾਵਾਂ: ਮਾਤਾ-ਪਿਤਾ ਲਈ ਇੱਕ ਗਾਈਡ**

ਕਾਪੀਰਾਈਟ © 2010–2014 ਕੈਥਰੀਨ ਅਬਰਾਹਮ ਅਤੇ ਜੋਇਸ ਗ੍ਰਾਮ

2014 ਵਿੱਚ ਦੁਬਾਰਾ ਸੰਸ਼ੋਧਿਤ ਅਤੇ ਦੁਬਾਰਾ ਪ੍ਰਕਾਸ਼ਿਤ

ਮਾਤਾ-ਪਿਤਾ ਸਲਾਹਕਾਰ ਕੌਂਸਲਾਂ ਦੇ ਬੀ.ਸੀ. ਮਹਾਂਸੰਘ ਦੇ ਸਹਿਯੋਗ ਨਾਲ ਲੇਖਕਾਂ ਵੱਲੋਂ ਪ੍ਰਕਾਸ਼ਿਤ ਕੀਤੀ

ਇਸ ਪ੍ਰਕਾਸ਼ਿਤ ਪੁਸਤਕ ਨੂੰ ਬਿਨਾਂ ਅਨੁਮਤੀ ਦੇ ਦੁਬਾਰਾ ਪ੍ਰਕਾਸ਼ਿਤ ਕੀਤਾ ਜਾ ਸਕਦਾ ਹੈ, ਜੇਕਰ ਕੈਥਰੀਨ ਅਬਰਾਹਮ ਅਤੇ ਜੋਇਸ ਗ੍ਰਾਮ ਨੂੰ ਪੁਸਤਕ ਵਿੱਚ ਲੇਖਕਾਂ ਦੇ ਤੌਰ ਤੇ ਮਾਨਤਾ ਦਿੱਤੀ ਜਾਵੇ।

**ਆਭਾਰ**

ਅਸੀਂ ਹੇਠਾਂ ਲਿਖੇ ਵਿਅਕਤੀਆਂ ਦਾ ਇਸ ਗਾਈਡ ਨੂੰ ਲਿਖਣ ਅਤੇ ਇਸਦੀ ਸਮੀਖਿਆ ਕਰਨ ਵਿੱਚ ਉਹਨਾਂ ਦੇ ਬਹੁਮੁੱਲੇ ਸਹਿਯੋਗ ਅਤੇ ਉਤਸ਼ਾਹ ਲਈ ਸੁਹਿਰਦਤਾ ਨਾਲ ਧੰਨਵਾਦ ਕਰਦੇ ਹਾਂ: ਵਿਭਿੰਨਤਾ ਤੇ ਨਿਰਪੱਖਤਾ ਸ਼ਾਖਾ, ਸਿੱਖਿਆ ਮੰਤਰਾਲਾ (Diversity and Equity Branch, Ministry of Education); ਲਿੰਡਾ ਸੇਗਲ; ਜੂਲੀ ਪਾਰਕਰ; ਜੌਨ ਵਿਲਸਨ; ਵੈਂਡੀ ਹੋਲਟਨ; ਬਾਰਜ ਲੰਦ; ਜੈਨੀਫਰ ਕਿੰਗ; ਡਾਇਨਾ ਫੋਰਨੀਅਰ; ਕੈਲੀ ਡਵੋਰਕ; ਦੇਬੋਰਾਹ ਗੈਰਿਟੀ; ਡਾਨ ਡਿਕਸਨ। ਅਸੀਂ 2014 ਵਿੱਚ ਦੁਬਾਰਾ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਇਸ ਗਾਈਡ ਦੀ ਸਮੀਖਿਆ ਕਰਨ ਲਈ ਜੈਨੀਫਰ ਮੇਜ਼ਈ ਦੇ ਨਾਲ-ਨਾਲ, ਸੂਸਨ ਵਿਲਸਨ, ਬੋਨਿਤਾ ਜ਼ਰਿੱਲੋ, ਜੋਸਲਿਨ ਸਕੋਨਕੈਸ, ਹੈਰੀ ਡਰੋਕ, ਸ਼ਾਰਮੈਕਕਰੋਰੀ ਅਤੇ ਵਿਵਿਅਨ ਮੈਗਸ ਦਾ ਵੀ ਧੰਨਵਾਦ ਕਰਦੇ ਹਾਂ। ਲੇਖਕ ਇਸ ਗਾਈਡ ਦੀ ਸਮੱਗਰੀ ਦੀ ਪੂਰੀ ਜ਼ੁੰਮੇਵਾਰੀ ਲੈਂਦੇ ਹਨ। ਇਸ ਗਾਈਡ ਵਿੱਚ ਪ੍ਰਗਟ ਕੀਤੇ ਗਏ ਵਿਚਾਰ ਲੇਖਕ ਦੇ ਹਨ ਅਤੇ ਸਾਰੇ ਸਮੀਖਿਅਕਾਂ ਦੇ ਵਿਚਾਰਾਂ ਨੂੰ ਪ੍ਰਤੀਬਿੰਬਤ ਨਹੀਂ ਕਰ ਸਕਦੇ।

**ਲੇਖਕਾਂ ਦੇ ਬਾਰੇ**

ਲੇਖਕ ਵੀਹ ਤੋਂ ਵੱਧ ਵਰ੍ਹਿਆਂ ਤੱਕ ਬ੍ਰਿਟਿਸ਼ ਕੋਲੰਬੀਆ ਵਿੱਚ ਮਾਤਾ-ਪਿਤਾ ਸਿੱਖਿਆ ਵਿੱਚ ਸ਼ਾਮਲ ਰਹੇ ਹਨ। ਕੈਥਰੀਨ ਅਬਰਾਹਮ ਨੇ ਵਿਸ਼ੇਸ਼ ਸਿੱਖਿਆ, ਮਾਤਾ-ਪਿਤਾ ਹਿਮਾਇਤ ਅਤੇ ਨੀਤੀ ਵਿਕਾਸ ਦੇ ਖੇਤਰਾਂ ਵਿੱਚ ਮਾਤਾ-ਪਿਤਾ ਲਈ ਵਿਆਪਕ ਰੂਪ ਨਾਲ ਲਿਖਿਆ ਹੈ। ਜੋਇਸ ਗ੍ਰਾਮ ਨੇ ਸੂਚਨਾ ਪੱਤਰਾਂ ਅਤੇ ਵੈਬਸਾਈਟਾਂ ਦੇ ਰਾਹੀਂ ਸਾਰੇ ਖੇਤਰਾਂ ਵਿੱਚ ਮਾਤਾ-ਪਿਤਾ ਲਈ ਲਿਖਿਆ ਹੈ। ਦੋਵੇਂ ਸਕੂਲ ਅਤੇ ਜਿਲਾ ਪੱਧਰ ਤੇ ਮਾਤਾ-ਪਿਤਾ ਸਲਾਹਕਾਰ ਕੌਂਸਲਾਂ ਵਿੱਚ ਅਨੇਕ ਪ੍ਰਬੰਧਕ ਅਤੇ ਪੱਖ-ਪੂਰਕ ਅਹੁਦਿਆਂ ਤੇ ਰਹੇ ਹਨ ਅਤੇ ਉਹਨਾਂ ਨੇ ਸੂਬਾਈ ਪੱਧਰ ਤੇ ਕੰਮ ਕੀਤਾ ਹੈ।

ਲੇਖਕਾਂ ਨੂੰ parenteducation@hotmail.com ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਇਸ ਸੀਰੀਜ ਵਿੱਚ ਮਾਤਾ-ਪਿਤਾ ਲਈ ਹੋਰ ਗਾਈਡਾਂ ਲੇਖਕਾਂ ਵੱਲੋਂ ਇਲੈਕਟ੍ਰੋਨੀਕਲੀ ਉਪਲਬਧ ਹਨ।**

*ਬੀ.ਸੀ. ਦੇ ਪਬਲਿਕ ਸਕੂਲਾਂ ਵਿੱਚ ਵਿਦਿਆਰਥੀ ਮੁਲਾਂਕਣ : ਮਾਤਾ-ਪਿਤਾ ਲਈ ਇੱਕ ਗਾਈਡ (Student Assessment in B.C.'s Public Schools: A Guide for Parents)*

*ਬੀ.ਸੀ. ਦੇ ਪਬਲਿਕ ਸਕੂਲਾਂ ਵਿੱਚ ਵਿਦਿਆਰਥੀ ਸਫਲਤਾ ਦਾ ਨਿਰਮਾਣ ਕਰਨਾ : ਮਾਤਾ-ਪਿਤਾ ਲਈ 9ਇੱਕ ਗਾਈਡ (Building Student Success in B.C.'s Public Schools: A Guide for Parents)*

*ਆਦਿਵਾਸੀ ਸਿੱਖਿਆ: ਇੱਕ ਚਰਚਾ ਗਾਈਡ (Aboriginal Education: A Discussion Guide)*

*ਪੜ੍ਹਾਈ: ਰੁਕਾਵਟਾਂ ਨੂੰ ਦੂਰ ਕਰਨਾ। ਇੱਕ ਚਰਚਾ ਗਾਈਡ (Reading: Breaking Through the Barriers. A Discussion Guide)*

ਇਹ ਗਾਈਡ ਇਲੈਕਟ੍ਰੋਨੀਕਲੀ ਹੇਠ ਲਿਖੀ ਵੈਬਸਾਈਟ ਤੇ ਉਪਲਬਧ ਹੈ
http://www.bccpac.bc.ca/resources/individual-education-plans-guide-parents.

# ਵਿਸ਼ਾ-ਸੂਚੀ


| | |
|---|---|
| ਭੂਮਿਕਾ | 2 |
| ਸਹਿਯੋਗ —ਇਹ ਕਿਵੇਂ ਦਿਖਦਾ ਹੈ? | 3 |
| ਸਹਿਯੋਗ ਦਰਸਾਉਣ ਵਾਲਾ ਨਮੂਨਾ ਆਈ.ਈ.ਪੀ. ਟੀਚਾ | 4 |
| ਆਈ.ਈ.ਪੀ. ਵਿੱਚ ਸਾਡੇ ਬੱਚੇ ਦੀ ਭੂਮਿਕਾ | 5 |
| ਸਿੱਖਣ ਨੂੰ ਸਮਝਣਾ | 6 |
| ਸਾਡੇ ਬੱਚੇ ਦੇ ਸਿੱਖਣ ਦਾ ਢੰਗ | 7 |
| ਬੱਚੇ ਦੇ ਸਿੱਖਣ ਦੇ ਢੰਗ ਦਾ ਵਰਤਾਓ ਕਰਦੇ ਹੋਏ ਨਮੂਨਾ ਆਈ.ਈ.ਪੀ. ਟੀਚਾ | 8 |
| ਬਦਲੀਆਂ | 9 |
| ਇੱਕ ਬਦਲੀ ਕਰਨ ਤੇ ਨਮੂਨਾ ਆਈ.ਈ.ਪੀ. ਟੀਚਾ | 10 |
| ਇੱਕ ਆਈ.ਈ.ਪੀ. ਵਿੱਚ ਅਨੁਕੂਲਨ | 11 |
| ਇੱਕ ਆਈ.ਈ.ਪੀ. ਵਿੱਚ ਸੰਸ਼ੋਧਨ | 12 |
| ਇੱਕ ਵਿਦਿਆਰਥੀ ਦੇ ਪ੍ਰੋਗਰਾਮ ਨੂੰ ਅਨੁਕੂਲ ਕਰਨ ਤੇ ਨਮੂਨਾ ਆਈ.ਈ.ਪੀ. ਟੀਚਾ | 13 |
| ਸਾਡੇ ਬੱਚੇ ਦੀ ਪ੍ਰਗਤੀ ਤੇ ਰਿਪੋਰਟਿੰਗ | 14 |
| ਹੱਕ ਅਤੇ ਜ਼ੁੰਮੇਵਾਰੀਆਂ | 15 |
| ਜਦੋਂ ਚੀਜ਼ਾਂ ਗਲਤ ਹੋ ਜਾਂਦੀਆਂ ਹਨ | 16 |
| ਸੰਦਰਭ ਅਤੇ ਸਾਧਨ | 17 |

# ਭੂਮਿਕਾ

ਕਈ ਮਾਤਾ-ਪਿਤਾ ਨਿਸ਼ਚਿਤ ਨਹੀਂ ਹੁੰਦੇ ਹਨ ਕਿ ਇੱਕ ਵਿਅਕਤੀਗਤ ਸਿੱਖਿਆ ਯੋਜਨਾ (Individual Education Plan) (ਆਈ.ਈ.ਪੀ.) ਮੀਟਿੰਗ ਤੋਂ ਕੀ ਆਸ ਰੱਖੀ ਜਾਵੇ। ਜਦੋਂ ਉਹ ਆਪਣੇ ਬੱਚੇ ਦੇ ਵੱਲੋਂ ਸਕੂਲ ਸਟਾਫ ਨਾਲ ਮਿਲਦੇ ਹਨ, ਤਾਂ ਉਹ ਕਮਜ਼ੋਰ ਜਾਂ ਡਰੇ ਹੋਏ ਮਹਿਸੂਸ ਕਰ ਸਕਦੇ ਹਨ। ਅਕਸਰ, ਉਹਨਾਂ ਨੂੰ ਪਤਾ ਨਹੀਂ ਹੁੰਦਾ ਕਿ ਕੀ ਕਰਨਾ ਹੈ ਅਤੇ ਉਹ ਪ੍ਰਕਿਰਿਆ ਵਿੱਚ ਆਪਣੀ ਭੂਮਿਕਾ ਬਾਰੇ ਨਿਸ਼ਚਿਤ ਨਹੀਂ ਹੁੰਦੇ। ਆਈ.ਈ.ਪੀ. ਦਾ ਢਾਂਚਾ (ਫ੍ਰੇਮਵਰਕ) ਪੂਰੇ ਸੂਬੇ ਵਿੱਚ ਸਮਾਨ ਹੈ, ਪਰੰਤੂ ਹਰੇਕ ਸਕੂਲ ਜਿਲਾ ਦੀ ਪ੍ਰਕਿਰਿਆ ਥੋੜ੍ਹੀ ਵੱਖ ਹੋ ਸਕਦੀ ਹੈ।

ਕੁਝ ਆਈ.ਈ.ਪੀ. ਗਾਈਡਾਂ ਵਿਧਾਨ ਅਤੇ ਨੀਤੀ ਵਿੱਚ ਹੱਕਾਂ ਅਤੇ ਜ਼ੁੰਮੇਵਾਰੀਆਂ ਤੇ ਧਿਆਨ ਕੇਂਦਰਿਤ ਕਰਦੀਆਂ ਹਨ। ਇਸ ਗਾਈਡ ਵਿੱਚ, ਅਸੀਂ ਇੱਕ ਵੱਖ ਦਿਸ਼ਾ ਦੀ ਚੋਣ ਕਰਦੇ ਹਾਂ। ਸਾਡਾ ਧਿਆਨ ਤੁਹਾਨੂੰ ਇਹ ਸਮਝਾਉਣ ਵਿੱਚ ਸਹਾਇਤਾ ਕਰਨ ਤੇ ਹੈ ਕਿ ਇੱਕ ਆਈ.ਈ.ਪੀ. ਮੀਟਿੰਗ ਕਿਵੇਂ ਕੰਮ ਕਰਦੀ ਹੈ ਅਤੇ ਕਿਵੇਂ ਤੁਸੀਂ ਅਤੇ ਤੁਹਾਡਾ ਬੱਚਾ, ਸਕੂਲ ਨਾਲ ਮਿਲ ਕੇ ਕੰਮ ਕਰਨ ਨਾਲ, ਆਪਣੇ ਬੱਚੇ ਦੇ ਲਾਭ ਦੀ ਇਸ ਪ੍ਰਕਿਰਿਆ ਦਾ ਵੱਧ ਤੋਂ ਵੱਧ ਲਾਭ ਉਠਾ ਸਕਦੇ ਹੋ।

ਕਿਸੇ ਵੀ ਹੋਰ ਦੇ ਮੁਕਾਬਲੇ ਤੁਸੀਂ ਆਪਣੇ ਬੱਚੇ ਬਾਰੇ ਵੱਧ ਜਾਣਦੇ ਹੋ। ਸਕੂਲ ਨੂੰ ਇਸ ਜਾਣਕਾਰੀ ਦੀ ਲੋੜ ਆਪਣੇ ਅਧਿਆਪਨ ਨੂੰ ਤੁਹਾਡੇ ਬੱਚੇ ਦੀ ਸਿੱਖਣ ਦੇ ਤਰੀਕੇ ਦੇ ਅਨੁਕੂਲ ਬਣਾਉਣ ਲਈ ਹੈ। ਇੱਕ ਵਧੀਆ ਆਈ.ਈ.ਪੀ. ਅਧਿਆਪਨ ਦੇ ਬਾਰੇ ਸਕੂਲ ਦੀ ਜਾਣਕਾਰੀ ਦੇ ਨਾਲ ਤੁਹਾਡੇ ਬੱਚੇ ਬਾਰੇ ਤੁਹਾਡੀ ਜਾਣਕਾਰੀ ਨੂੰ ਮਿਲਾਉਂਦੀ ਹੈ। ਆਈ.ਈ.ਪੀ. ਮੀਟਿੰਗ ਵਿੱਚ ਇਸ ਤੇ ਇੱਕ ਯੋਜਨਾ ਪੇਸ਼ ਕੀਤੀ ਜਾਏਗੀ ਕਿ ਤੁਹਾਡੇ ਬੱਚੇ ਨੂੰ ਪੜ੍ਹਾਉਣ ਅਤੇ ਉਸਦੀ ਸਫਲਤਾ ਵਿੱਚ ਸਹਾਇਤਾ ਕਰਨ ਲਈ ਸਕੂਲ ਕੀ ਕਰੇਗਾ।

ਇੱਕ ਆਈ.ਈ.ਪੀ. ਵਿੱਚ ਕਈ ਤੱਤ ਹੁੰਦੇ ਹਨ:

- ਤੁਹਾਡੇ ਬੱਚੇ ਦੀ ਸਿੱਖਣ ਵਿੱਚ ਸਹਾਇਤਾ ਕਰਨ ਲਈ ਟੀਚੇ ਅਤੇ ਕਾਰਜਨੀਤੀਆਂ
- ਤੁਹਾਡੇ ਬੱਚੇ ਲਈ ਸੇਵਾਵਾਂ ਅਤੇ ਸਾਧਨ
- ਤੁਹਾਡੇ ਬੱਚੇ ਦੀ ਪ੍ਰਗਤੀ ਦਾ ਪਤਾ ਲਗਾਉਣ ਦੀਆਂ ਤਰਕੀਬਾਂ

ਇਸ ਵਿੱਚ ਇਹ ਵਰਣਨ ਵੀ ਹੋ ਸਕਦਾ ਹੈ ਕਿ ਪਾਠਕ੍ਰਮ ਨੂੰ ਤੁਹਾਡੇ ਬੱਚੇ ਲਈ ਕਿਵੇਂ ਅਨੁਕੂਲਿਤ ਅਤੇ ਸੰਸ਼ੋਧਿਤ ਕੀਤਾ ਜਾਏਗਾ। ਇਸ ਗਾਈਡ ਵਿੱਚ, ਅਜਿਹੇ ਟੀਮਵਰਕ ਨੂੰ ਦਰਸਾਉਂਦੇ ਹੋਏ, ਜੋ ਇੱਕ ਆਈ.ਈ.ਪੀ. ਦੇ ਵਿਕਾਸ ਦਾ ਅਧਿਐਨ ਕਰਦਾ ਹੈ, ਤੁਸੀਂ ਇਹਨਾਂ ਸਾਰੀਆਂ ਉਦਾਹਰਨਾਂ ਦੇ ਨਮੂਨਾ ਟੀਚੇ ਦੇਖੋਗੇ।

ਆਈ.ਈ.ਪੀ. ਵਿੱਚ ਭਿੰਨ-ਭਿੰਨ ਸਟਾਫ ਮੈਂਬਰਾਂ ਦੀਆਂ ਭੂਮਿਕਾਵਾਂ ਅਤੇ ਜ਼ੁੰਮੇਵਾਰੀਆਂ ਦੀ ਸੂਚੀ ਹੋ ਸਕਦੀ ਹੈ, ਪਰੰਤੂ ਇਸ ਵਿੱਚ ਇੱਕ ਮਾਤਾ ਜਾਂ ਪਿਤਾ ਦੇ ਤੌਰ ਤੇ ਤੁਹਾਡੀ ਭੂਮਿਕਾ ਜਾਂ ਜ਼ੁੰਮੇਵਾਰੀਆਂ ਦੀ ਸੂਚੀ ਨਹੀਂ ਹੋਵੇਗੀ। ਜਦੋਂ ਯੋਜਨਾ ਵਿੱਚ ਤੁਹਾਡੀ ਜਾਣਕਾਰੀ ਅਤੇ ਨਿਵੇਸ਼ (ਇਨਪੁਟ) ਨੂੰ ਪ੍ਰਤਿਬਿੰਬਤ ਕੀਤਾ ਜਾਏਗਾ, ਤਾਂ ਇਹ ਇਸਦਾ ਇੱਕ ਰਿਕਾਰਡ ਹੋਵੇਗਾ ਕਿ *ਸਕੂਲ* ਤੁਹਾਡੇ ਬੱਚੇ ਲਈ ਕੀ ਕਰੇਗਾ, ਨਾ ਕਿ ਤੁਸੀਂ ਘਰ ਵਿੱਚ ਕੀ ਕਰੋਗੇ।

ਇੱਕ ਆਈ.ਈ.ਪੀ., ਖਾਸ ਕਰਕੇ, ਇੱਕ "ਲਿਵਿੰਗ ਦਸਤਾਵੇਜ" ਹੈ, ਜਿਸਦਾ ਭਾਵ ਹੈ ਕਿ ਇਸਨੂੰ ਕਦੇ ਵੀ ਬਦਲਿਆ ਜਾ ਸਕਦਾ ਹੈ, ਅਤੇ ਬਦਲਿਆ ਜਾਵੇਗਾ ਜਿਵੇਂ ਤੁਹਾਡੇ ਬੱਚੇ ਦੀਆਂ ਅਵਸਥਾਵਾਂ ਬਦਲਦੀਆਂ ਹਨ।

ਜਦੋਂ ਸਕੂਲ ਅਤੇ ਮਾਤਾ-ਪਿਤਾ ਆਪਣੀ ਜਾਣਕਾਰੀ ਨੂੰ ਸਾਂਝਾ ਕਰਦੇ ਹਨ, ਤਾਂ ਬੱਚੇ ਨੂੰ ਲਾਭ ਹੁੰਦਾ ਹੈ। ਬੱਚੇ ਲਈ ਨਾਲ ਮਿਲ ਕੇ ਕੰਮ ਕਰਦੇ ਹੋਏ ਮਾਤਾ-ਪਿਤਾ ਅਤੇ ਸਕੂਲ ਵੱਲੋਂ ਵਿਕਸਿਤ ਕੀਤੀ ਗਈ ਇੱਕ ਵਧੀਆ ਆਈ.ਈ.ਪੀ., ਹਰੇਕ ਬੱਚੇ ਦੇ ਅਨੂਠੇਪਣ ਦਾ ਸਮਰਥਨ ਕਰਦੀ ਹੈ ਅਤੇ ਬੱਚੇ ਨੂੰ ਸਿੱਖਣ ਵਿੱਚ ਸਹਾਇਤਾ ਕਰਦੀ ਹੈ।

> ਜਦੋਂ ਅਸੀਂ ਡੈਨੀਅਲ ਨੂੰ ਹਸਪਤਾਲ ਤੋਂ ਘਰ ਲਿਆਂਦਾ ਤਾਂ ਅਸੀਂ ਸੋਚਿਆ ਕਿ ਉਸਦੀਆਂ ਵਿਸ਼ੇਸ਼ ਚੁਨੌਤੀਆਂ ਮੇਰੀ ਜ਼ਿੰਦਗੀ ਨੂੰ ਹਮੇਸ਼ਾ ਲਈ ਦੁਖੀ ਕਰ ਦੇਣਗੀਆਂ। ਅਜਿਹਾ ਨਹੀਂ ਹੋਇਆ। ਮੈਂ ਉਹਨਾਂ ਤਰੀਕਿਆਂ ਤੋਂ ਖੁਸ਼ ਹਾਂ ਜਿਹਨਾਂ ਦੀ ਪਹਿਲਾਂ ਕਦੇ ਮੈਂ ਕਲਪਨਾ ਵੀ ਨਹੀਂ ਕੀਤੀ ਸੀ। ਮੇਰਾ ਬੇਟਾ ਉਸ ਖੁਸ਼ੀ ਦਾ ਮੁੱਖ ਕਾਰਨ ਹੈ। ਉਸ ਤੋਂ ਮੈਨੂੰ ਬਹੁਤ ਹੌਸਲਾ ਮਿਲਦਾ ਹੈ ਅਤੇ ਉਹ ਇਹ ਮਹਿਸੂਸ ਕਰਨ ਵਿੱਚ ਮੇਰੀ ਸਹਾਇਤਾ ਕਰਦਾ ਹੈ ਕਿ ਮੈਂ ਅਸਲ ਵਿੱਚ ਕਿੰਨੀ ਸਮਰੱਥ ਹਾਂ। ਉਹ ਮੈਨੂੰ ਪੜ੍ਹਾਉਂਦਾ ਹੈ।
>
> —ਕੈਰੋਲਨਿ ਮੁੱਰੇ, *ਸਵੀਕ੍ਰਤੀ* (Carolyn Murray, *Acceptance*)

# ਸਹਿਯੋਗ - ਇਹ ਕਿਵੇਂ ਦਿਖਦਾ ਹੈ

ਸੋਧ ਸਪਸ਼ਟ ਹੈ: ਜਦੋਂ ਮਾਤਾ-ਪਿਤਾ ਸ਼ਾਮਲ ਹੁੰਦੇ ਹਨ ਤਾਂ ਵਿਦਿਆਰਥੀ ਸਕੂਲ ਵਿੱਚ ਬਿਹਤਰ ਕਰਦੇ ਹਨ। ਹੁਣ ਦੇ ਵਰ੍ਹਿਆਂ ਵਿੱਚ, ਸਕੂਲਾਂ ਨੇ ਮਾਤਾ-ਪਿਤਾ ਦੀ ਭਾਗੀਦਾਰੀ ਵਧਾਉਣ ਅਤੇ ਖੁਦ ਨੂੰ ਵੱਧ "ਮਾਤਾ-ਪਿਤਾ ਹਿਤੈਸ਼ੀ" ਬਣਾਉਣ ਲਈ ਕਈ ਬਦਲਾਵ ਕੀਤੇ ਹਨ।

ਫਿਰ ਵੀ, ਸਿੱਖਣ ਦੀਆਂ ਖਾਸ ਲੋੜਾਂ ਵਾਲੇ ਸਾਡੇ ਬੱਚਿਆਂ ਨੂੰ ਸਹਾਰਾ ਦੇਣ ਲਈ ਲੁੜੀਂਦੇ ਸਹਿਯੋਗ ਦਾ ਪੱਧਰ ਮਾਤਾ-ਪਿਤਾ ਦੀ ਪਰੰਪਰਾਗਤ ਭਾਗੀਦਾਰੀ ਤੋਂ ਵਧ ਕੇ ਹੁੰਦਾ ਹੈ। ਇਹ ਸਾਨੂੰ ਉਸ ਸਹਾਇਕ ਭੂਮਿਕਾ ਤੋਂ ਵੀ ਪਰੇ ਲੈ ਜਾਂਦਾ ਹੈ ਜਿਸ ਭੂਮਿਕਾ ਨਾਲ ਜ਼ਿਆਦਾਤਰ ਸਕੂਲ ਸਹਿਜ ਹੋ ਗਏ ਹਨ, ਜੋ ਮਾਤਾ-ਪਿਤਾ ਨੂੰ ਇੱਕ ਸਮਾਨ ਰਾਏ ਦੇਣ ਦਾ ਹੱਕ ਦਿੰਦੀ ਹੈ।

ਅਸੀਂ, ਮਾਤਾ-ਪਿਤਾ ਹੋਣ ਦੇ ਤੌਰ ਤੇ, ਆਈ.ਈ.ਪੀ. ਮੀਟਿੰਗ ਨੂੰ ਸਕੂਲ ਨਾਲ ਸਾਡੀ ਸਹਿਭਾਗਤਾ ਦੇ ਮੰਚ ਦੇ ਤੌਰ ਤੇ ਦੇਖ ਸਕਦੇ ਹਾਂ। ਕੰਮ ਕਰਨ ਦੀ ਸਹਿਭਾਗਤਾ ਲਈ, ਦੋਵਾਂ ਧਿਰਾਂ ਵਿੱਚ ਭਰੋਸਾ ਅਤੇ ਵਚਨਬੱਧਤਾ ਹੋਣੀ ਲਾਜ਼ਮੀ ਹੈ। ਅਸੀਂ ਸਤਿਕਾਰ ਅਤੇ ਆਦਰ ਕਰਨ ਦੀ ਉਸ ਮਹੱਤਵਪੂਰਨ ਪ੍ਰਵਿਰਤੀ ਨੂੰ ਨਿਸ਼ਚਿਤ ਕਰਨ ਵਿੱਚ ਸਹਾਇਤਾ ਲਈ ਕਾਫ਼ੀ ਕੁਝ ਕਰ ਸਕਦੇ ਹਾਂ।

## ਸਹਿਯੋਗ ਨੂੰ ਵਿਕਸਿਤ ਕਰਨ ਦੇ ਸੁਝਾਅ:

- ਸਕੂਲ ਸਟਾਫ ਨੂੰ ਆਖੋ ਕਿ ਜਿੰਨਾ ਜ਼ਿਆਦਾ ਹੋ ਸਕੇ, ਮੀਟਿੰਗ ਛੋਟੀ ਰੱਖਣ। ਛੋਟੇ ਸਮੂਹਾਂ ਕੋਲ ਨਾਲ ਮਿਲ ਕੇ ਕੰਮ ਕਰਨ ਦਾ ਬਿਹਤਰ ਮੌਕਾ ਹੁੰਦਾ ਹੈ; ਵੱਡੇ ਸਮੂਹਾਂ ਦਾ ਝੁਕਾਉ ਕੇਵਲ ਜਾਣਕਾਰੀ ਸਾਂਝਾ ਕਰਨ ਵਿੱਚ ਹੁੰਦਾ ਹੈ।
- ਇਹ ਪਤਾ ਕਰੋ ਕਿ ਮੀਟਿੰਗ ਵਿੱਚ ਕਿਸਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ ਅਤੇ ਹਰੇਕ ਵਿਅਕਤੀ ਦਾ ਮੀਟਿੰਗ ਵਿੱਚ ਸ਼ਾਮਲ ਹੋਣ ਦਾ ਕੀ ਮੰਤਵ ਹੈ। ਜੇਕਰ ਤੁਹਾਡੇ ਕੋਲ ਸਾਂਝਾ ਕਰਨ ਲਈ ਰਿਪੋਰਟਾਂ ਹਨ, ਤਾਂ ਮੀਟਿੰਗ ਤੋਂ ਕੁਝ ਦਿਨ ਪਹਿਲਾਂ ਉਹਨਾਂ ਨੂੰ ਆਸ-ਪਾਸ ਭੇਜੋ ਅਤੇ ਹੋਰਾਂ ਨੂੰ ਵੀ ਅਜਿਹਾ ਕਰਨ ਲਈ ਆਖੋ।
- ਗ਼ਲਤਫ਼ਹਿਮੀਆਂ ਤੋਂ ਬਚਣ ਲਈ, ਟੀਚਿਆਂ ਅਤੇ ਕਾਰਜਨੀਤੀਆਂ ਨੂੰ ਲਿਖਣ ਲਈ ਇੱਕ ਵਾਈਟਬੋਰਡ, ਲੈਪਟੌਪ, ਫਲਿਪਚਾਰਟ ਜਾਂ ਬਲੈਕਬੋਰਡ ਦੀ ਮੰਗ ਕਰੋ।
- ਮੀਟਿੰਗ ਦੀਆਂ ਸਮਾਂ ਸੀਮਾਵਾਂ ਦੀ ਪੁਸ਼ਟੀ ਕਰੋ। ਉਹਨਾਂ ਦਾ ਸਨਮਾਨ ਕਰਨ ਦੀ ਪੂਰੀ ਕੋਸ਼ਿਸ਼ ਕਰੋ ਅਤੇ ਹੋਰਾਂ ਨੂੰ ਵੀ ਅਜਿਹਾ ਕਰਨ ਲਈ ਆਖੋ - ਅਤੇ ਆਪਣਾ ਧਿਆਨ ਕੇਂਦਰਿਤ ਕਰੋ।
- ਇਸ ਬਾਰੇ ਗੱਲ ਕਰੋ ਕਿ ਕਿਸ ਤਰ੍ਹਾਂ ਦਾ ਮੌਜੂਦਾ ਸੰਚਾਰ ਤੁਹਾਡੇ ਲਈ ਸਹੀ ਹੈ - ਈਮੇਲ, ਟੈਲੀਫੋਨ ਜਾਂ ਲਿਖਤ ਪੱਤਰ। ਜਦੋਂ ਅਧਿਆਪਕ ਅਤੇ ਹੋਰਾਂ ਨੂੰ ਪਤਾ ਹੁੰਦਾ ਹੈ ਕਿ ਉਹਨਾਂ ਨਾਲ ਕੰਮ ਕਰਨ ਲਈ ਤੁਹਾਡੀ ਕੀ ਲੋੜ ਹੈ ਤਾਂ ਇਹ ਸਹਾਇਕ ਹੁੰਦਾ ਹੈ।
- ਘਬਰਾਹਟ ਹੋਣਾ ਕੁਝ ਗਲਤ ਨਹੀਂ ਹੈ, ਅਤੇ ਜੇਕਰ ਤੁਸੀਂ ਆਪਣੇ ਵਿਚਾਰ ਸਾਂਝੇ ਕਰ ਸਕਦੇ ਹੋ ਤਾਂ ਇਹ ਬਿਹਤਰ ਹੀ ਹੈ। ਹੋਰਾਂ ਨੂੰ ਇਹ ਦੱਸਣਾ ਕਿ ਤੁਸੀਂ ਕੀ ਸੋਚਦੇ ਹੋ, ਤੁਹਾਡੀ ਖੁਲ੍ਹਦਿਲੀ ਨੂੰ ਦਰਸਾਉਂਦਾ ਹੈ ਅਤੇ ਇੱਕ ਵਧੀਆ ਪ੍ਰਵਿਰਤੀ ਨਿਸ਼ਚਿਤ ਕਰਦਾ ਹੈ।
- ਸਕੂਲ ਸਟਾਫ ਨੂੰ ਆਖੋ ਕਿ ਉਹ ਥੋੜ੍ਹੀ ਸੰਖਿਆ ਵਿੱਚ ਟੀਚੇ ਰੱਖੇ, ਤਿੰਨ ਅਤੇ ਪੰਜ ਦੇ ਵਿਚਕਾਰ। ਬਹੁਤ ਜ਼ਿਆਦਾ ਟੀਚੇ ਬਿਨਾਂ ਕਿਸੇ ਸਪਸ਼ਟ ਕਾਰਜ ਕੇਂਦਰ ਦੀ ਆਈ.ਈ.ਪੀ. ਪੇਸ਼ ਕਰ ਸਕਦੇ ਹਨ। ਛੋਟੀ ਅਤੇ ਲੰਮੀ ਮਿਆਦ ਦੇ ਟੀਚੇ ਸ਼ਾਮਲ ਕਰੋ।
- ਅਸਫਲਤਾ ਨੂੰ ਸਵੀਕਾਰ ਕਰੋ। ਜਦੋਂ ਦੂਜੇ ਲੋਕ ਦੇਖਦੇ ਹਨ ਕਿ ਤੁਸੀਂ ਇਹ ਸਮਝਦੇ ਹੋ ਕਿ ਹਰ ਚੀਜ਼ ਵਿੱਚ ਸਫਲਤਾ ਨਹੀਂ ਮਿਲ ਸਕਦੀ, ਅਤੇ ਇਹ ਕਿ ਤੁਸੀਂ ਉਹਨਾਂ ਕਾਰਜਨੀਤੀਆਂ ਤੋਂ ਸਿੱਖਣਾ ਚਾਹੁੰਦੇ ਹੋ, ਜੋ ਸਫਲ ਨਹੀਂ ਹੁੰਦੀਆਂ, ਤਾਂ ਉਹ ਖ਼ਤਰੇ ਉਠਾਉਣ ਅਤੇ ਨਵੀਆਂ ਚੀਜ਼ਾਂ ਅਜ਼ਮਾਉਣ ਦੀ ਵੱਧ ਇੱਛਾ ਰੱਖਣਗੇ।
- ਸਵਾਲ ਪੁੱਛੋ - ਇਲਜ਼ਾਮ ਨਾ ਲਗਾਓ। ਇੱਕ ਆਈ.ਈ.ਪੀ. ਮੀਟਿੰਗ ਝਗੜਿਆਂ ਨੂੰ ਹੱਲ ਕਰਨ ਦਾ ਸਥਾਨ ਨਹੀਂ ਹੁੰਦੀ।
- ਮੀਟਿੰਗ ਦੇ ਅੰਤ ਵਿੱਚ ਫੀਡਬੈਕ ਦਿਓ ਅਤੇ ਦੂਜਿਆਂ ਤੋਂ ਵੀ ਫੀਡਬੈਕ ਲਓ। ਜਦੋਂ ਅਸੀਂ ਇੱਕ-ਦੂਜੇ ਦੇ ਦ੍ਰਿਸ਼ਟੀਕੋਨ ਨੂੰ ਸਮਝਦੇ ਹਾਂ ਤਾਂ ਇਹ ਸਹਾਇਕ ਹੁੰਦਾ ਹੈ।

> ਇਕੱਲੇ ਅਸੀਂ ਬਹੁਤ ਥੋੜ੍ਹਾ ਕਰ ਸਕਦੇ ਹਾਂ; ਨਾਲ ਮਿਲ ਕੇ ਅਸੀਂ ਬਹੁਤ ਜ਼ਿਆਦਾ ਕਰ ਸਕਦੇ ਹਾਂ।
>
> —ਹੇਲਨ ਕੇਲਰ (Helen Keller)

# ਸਹਿਯੋਗ ਦਰਸਾਉਣ ਵਾਲਾ ਨਮੂਨਾ ਆਈ.ਈ.ਪੀ. ਟੀਚਾ

*ਜੋ ਨੂੰ ਹੁਣੇ-ਹੁਣੇ ਪ੍ਰੀਸਕੂਲ ਤੋਂ ਉਸਦੇ ਗਵਾਂਢ ਦੇ ਸਕੂਲ ਵਿਖੇ ਕਿੰਡਰਗਾਰਟਨ ਵਿੱਚ ਟ੍ਰਾਂਸਫਰ ਕੀਤਾ ਹੈ। ਉਸਦਾ ਓਟਿਜ਼ਮ (ਆਪਣੇ ਆਪ ਵਿੱਚ ਮਗਨ ਰਹਿਣ ਦੀ ਮਨੋ-ਦਸ਼ਾ) ਦਾ ਨਿਦਾਨ ਹੋਇਆ ਹੈ। ਹਾਲਾਂਕਿ ਉਸਦਾ ਸਕੂਲ ਪੂਰਾ ਦਿਨ ਕਿੰਡਰਗਾਰਟਨ ਦੀ ਪੇਸ਼ਕਸ਼ ਕਰਦਾ ਹੈ, ਉਸਦੀ ਮਾਤਾ ਨੂੰ ਲੱਗਦਾ ਹੈ ਕਿ ਇੱਕ ਪੂਰਾ ਦਿਨ ਦਾ ਪ੍ਰੋਗਰਾਮ ਉਸਦੇ ਲਈ ਬਹੁਤ ਜ਼ਿਆਦਾ ਲੰਮਾ ਹੋਵੇਗਾ। ਜੋ ਨੇ ਹੌਲੀ-ਹੌਲੀ ਹਰ ਦਿਨ  ਕਿੰਡਰਗਾਰਟਨ ਵਿੱਚ ਬਿਤਾਏ ਜਾਣ ਵਾਲੇ ਸਮੇਂ ਨੂੰ ਵਧਾਇਆ ਹੈ। ਉਹ ਦੂਜੇ ਬੱਚਿਆਂ ਦੇ ਨਾਲ-ਨਾਲ ਖੇਡਣਾ ਪਸੰਦ ਕਰਦਾ ਹੈ ਪਰੰਤੂ ਉਸਨੂੰ ਉਹਨਾਂ ਨਾਲ ਖੇਡਣ ਵਿੱਚ ਥੋੜ੍ਹੀ ਮੁਸ਼ਕਿਲ ਹੁੰਦੀ ਹੈ। ਜੋ ਨੂੰ ਭਾਸ਼ਾ ਵਿੱਚ ਮੁਸ਼ਕਿਲ ਹੁੰਦੀ ਹੈ ਅਤੇ ਜਦੋਂ ਉਸਨੂੰ ਜਾਣਕਾਰੀ ਦਾਰਸ਼ਿਕ ਢੰਗ ਨਾਲ ਪ੍ਰਦਰਸ਼ਿਤ ਕੀਤੀ ਜਾਂਦੀ ਹੈ ਤਾਂ ਉਹ ਕਾਫੀ ਬਿਹਤਰ ਕਰਦਾ ਹੈ। ਉਹ ਸਕੂਲ ਵਿੱਚ ਕੰਪਿਊਟਰ ਚਲਾਉਣਾ ਪਸੰਦ ਕਰਦਾ ਹੈ। ਉਸਨੂੰ ਸਕੂਲ ਪਸੰਦ ਹੈ, ਪਰੰਤੂ ਨਾਲ ਹੀ ਉਹ ਵਿਆਕੁਲ ਹੋ ਜਾਂਦਾ ਹੈ, ਖਾਸ ਕਰਕੇ ਨਵੀਆਂ ਸਥਿਤੀਆਂ ਵਿੱਚ। ਉਹ ਇੱਕ ਸੰਰਚਿਤ ਵਾਤਾਵਰਨ ਵਿੱਚ ਵੱਧ ਸਹਿਜ ਮਹਿਸੂਸ ਕਰਦਾ ਹੈ।*

**ਟੀਚਾ: ਜੋ ਦੀਆਂ ਸਮਾਜਿਕ ਮੁਹਾਰਤਾਂ ਅਤੇ ਉਸਦੇ ਸਾਥੀਆਂ ਨਾਲ ਪਰਸਪਰ ਵਿਵਹਾਰ ਕਰਨ ਦੀ ਸਮਰੱਥਾ ਨੂੰ ਵਧਾਉਣਾ**

**ਕਾਰਜਨੀਤੀਆਂ**

ਅਧਿਆਪਕ ਇਹ ਕਰੇਗਾ

- ਪੂਰੀ ਕਲਾਸ ਲਈ ਇੱਕ ਦਾਰਸ਼ਿਕ ਕਾਰਜਕ੍ਰਮ ਸਮੇਤ, ਸੰਰਚਿਤ ਦਾਰਸ਼ਿਕ ਅਧਿਆਪਨ ਵਿਧੀਆਂ ਦੀ ਵਰਤੋਂ ਕਰੇਗਾ
- ਜਿਹਨਾਂ ਖੇਤਰਾਂ ਵਿੱਚ ਜੋ ਵੱਧ ਸਫਲ ਹੋਣ ਦੇ ਯੋਗ ਹੈ, ਉਹਨਾਂ ਵਿੱਚ ਇੱਕ ਉੱਚ ਪੱਧਰ ਦੀਆਂ ਸੰਰਚਿਤ ਗਤੀਵਿਧੀਆਂ ਦੀ ਵਰਤੋਂ ਕਰੇਗਾ
- ਉਸਨੂੰ ਕਿਸੇ ਸਾਥੀ ਨਾਲ ਸਿੱਖਣ ਦੀ ਰੋਜ਼ਾਨਾ ਕੰਪਿਊਟਰ-ਗਤੀਵਿਧੀ ਦੇਵੇਗਾ
- ਸੰਰਚਿਤ ਅਤੇ ਸਹਾਇਤਾ ਪ੍ਰਾਪਤ ਵਿਸ਼ਰਾਮ ਗਤੀਵਿਧੀਆਂ ਮੁਹੱਈਆ ਕਰੇਗਾ

ਸਿਖਲਾਈ ਸਹਾਇਕ ਇਹ ਕਰੇਗਾ

- ਸਮਾਜਿਕ ਭਾਸ਼ਾ ਵਿਕਾਸ ਅਤੇ ਅੱਖਰ ਗਿਆਨ ਲਈ ਜੋੜੀ ਵਿੱਚ ਅਤੇ ਛੋਟੇ-ਸਮੂਹ ਨਿਰਦੇਸ਼ਾਂ ਵਿੱਚ ਜੋ ਨੂੰ ਸਿੱਧਾ ਸਹਿਯੋਗ ਮੁਹੱਈਆ ਕਰੇਗਾ
- ਉਹਨਾਂ ਸਮਿਆਂ ਅਤੇ ਗਤੀਵਿਧੀਆਂ ਦੀ ਪਛਾਣ ਕਰਨਾ, ਜਦੋਂ ਉਸਦੀ ਵਿਆਕੁਲਤਾ ਵਧਦੀ ਹੈ, ਅਤੇ ਇਹਨਾਂ ਘਟਨਾਵਾਂ ਦਾ ਪਤਾ ਲਾਉਣ ਲਈ ਇੱਕ ਰੋਜ਼ਨਾਮਚਾ (ਲੌਗ) ਕਾਇਮ ਰੱਖਣਾ
- ਗਣਿਤ ਲਈ ਇੱਕ ਸਾਥੀ ਨਾਲ ਰੋਜ਼ਾਨਾ ਕੰਪਿਊਟਰ-ਸਹਾਇਕ ਸਿੱਖਿਆ ਸਮਾਂ ਮੁਹੱਈਆ ਕਰੇਗਾ

**ਟੀਚਾ ਮੁਲਾਂਕਣ ਅਤੇ ਨਿਰਧਾਰਨ**

ਹਰੇਕ ਦੋ ਹਫਤਿਆਂ ਵਿੱਚ, ਇੱਕ ਲੌਗਬੁਕ ਦੀ ਵਰਤੋਂ ਕਰਦੇ ਹੋਏ, ਅਧਿਆਪਕ ਜੋ ਦੇ ਮਾਤਾ-ਪਿਤਾ ਨਾਲ ਸਕੂਲ ਵਿੱਚ ਉਸਦੇ ਵਧ ਰਹੇ ਸਮੇਂ ਅਤੇ ਵਿਆਕੁਲਤਾ ਨਾਲ ਵਿਹਾਰ ਕਰਨ ਵਿੱਚ ਉਸਦੀ ਪ੍ਰਗਤੀ ਦੀ ਸਮੀਖਿਆ ਕਰੇਗਾ

ਇੱਕ ਮਹੀਨੇ ਦੇ ਅੰਦਰ, ਜੋ ਇਹ ਕਰੇਗਾ

- ਦੋ ਹੋਰ ਵਿਦਿਆਰਥੀਆਂ ਨਾਲ ਦੋਸਤੀ ਕਰੇਗਾ

ਦੋ ਮਹੀਨਿਆਂ ਦੇ ਅੰਦਰ, ਜੋ ਇਹ ਕਰੇਗਾ

- ਵਿਆਕਲੁਤਾ ਦੀਆਂ ਘਟਨਾਵਾਂ ਦੀ ਸੰਖਿਆ ਘੱਟ ਹੋਵੇਗੀ, ਜਿਵੇਂ ਲੌਗਬੁਕ ਵਿੱਚ ਦਿੱਤਾ ਗਿਆ ਹੈ, ਇੱਕ ਦਿਨ ਵਿੱਚ ਇੱਕ ਤੋਂ ਵੱਧ ਨਹੀਂ ਹੋਵੇਗੀ
- ਅੱਧੇ-ਦਿਨ ਦੇ ਪ੍ਰੋਗਰਾਮ ਵਿੱਚ ਪੂਰੀ ਤਰ੍ਹਾਂ ਭਾਗ ਲਏਗਾ

ਤਿੰਨ ਮਹੀਨਿਆਂ ਵਿੱਚ ਉਸਦੇ ਮਾਤਾ-ਪਿਤਾ ਨਾਲ ਇਸ ਟੀਚੇ ਦੀ ਸਮੀਖਿਆ ਕੀਤੀ ਜਾਏਗੀ।

**ਨੋਟਸ**

- ਪਰਿਵਾਰ ਨੇ ਇਸ ਟੀਚੇ ਤੇ ਸਕੂਲ ਨੂੰ ਸਹਿਯੋਗ ਦਿੱਤਾ ਹੈ: ਹੌਲੀ-ਹੌਲੀ ਪ੍ਰਵੇਸ਼, ਅੱਧੇ-ਦਿਨ ਦਾ ਕਿੰਡਰਗਾਰਟਨ, ਦੋਸਤ ਬਣਾਉਣਾ, ਕੰਪਿਊਟਰ ਦੀ ਵਰਤੋਂ ਕਰਨਾ।
- ਜੋ ਦੀ ਆਈ.ਈ.ਪੀ. ਵਿੱਚ ਰਿਸੋਰਸ ਟੀਚਰ ਦੇ ਸ਼ਾਮਲ ਹੋਣ ਦੀ ਸੰਭਾਵਨਾ ਹੋਵੇਗੀ। ਕਈ ਸਕੂਲ ਜਿਲਿਆਂ ਵਿੱਚ ਓਟਿਜ਼ਮ ਦੇ ਵਿਦਿਆਰਥੀਆਂ ਦੀ ਸਹਾਇਤਾ ਕਰਨ ਲਈ ਕਾਰਜਨੀਤੀਆਂ ਵਿਕਸਿਤ ਕਰਨ ਵਿੱਚ ਕੁਸ਼ਲ ਰਿਸੋਰਸ ਟੀਚਰ ਹਨ।

# ਆਈ.ਈ.ਪੀ. ਵਿੱਚ ਸਾਡੇ ਬੱਚੇ ਦੀ ਭੂਮਿਕਾ

ਸਾਡੇ ਵਿੱਚੋਂ ਕਈ ਇੱਕ ਆਈ.ਈ.ਪੀ. ਮੀਟਿੰਗ ਵਿੱਚ ਆਪਣੇ ਬੱਚੇ ਦੇ ਸ਼ਾਮਲ ਹੋਣ ਦੇ ਵਿਚਾਰ ਨਾਲ ਜੱਦੋ-ਜਹਿਦ ਕਰਦੇ ਹਨ। ਅਸੀਂ ਸੋਚਦੇ ਹਾਂ ਕਿ ਕੀ ਉਹ ਆਪਣੇ ਬਾਰੇ ਚਰਚਾ ਨਾਲ ਡਰੀ ਹੋਈ ਜਾਂ ਦਬੀ ਹੋਈ ਮਹਿਸੂਸ ਕਰੇਗੀ। ਕੀ ਉਹ ਖੁਦ ਦੇ ਬਾਰੇ ਗੱਲ ਕਰਨ ਲਈ ਬਹੁਤ ਜ਼ਿਆਦਾ ਵਿਆਕੁਲ ਹੋਵੇਗੀ? ਕੀ ਉਹ ਇਹ ਸਮਝ ਪਾਏਗੀ ਕਿ ਕੀ ਹੋ ਰਿਹਾ ਹੈ? ਜਦ ਕਿ ਸਾਡੇ ਬੱਚਿਆਂ ਨੂੰ ਉਹਨਾਂ ਦੀ ਆਈ.ਈ.ਪੀ. ਮੀਟਿੰਗ ਵਿੱਚ ਸ਼ਾਮਲ ਹੋਣ ਦੀ ਲੋੜ ਨਹੀਂ ਹੁੰਦੀ, ਪਰੰਤੂ ਉਹ ਅਜਿਹਾ ਕਰਨ ਦੇ ਹੱਕਦਾਰ ਹਨ।

ਵਿਦਿਆਰਥੀਆਂ ਨੂੰ ਇਸ ਵਿੱਚ ਸ਼ਾਮਲ ਹੋਣ ਲਈ ਉਤਸ਼ਾਹ ਦਿੱਤਾ ਜਾਂਦਾ ਹੈ, ਖਾਸ ਕਰਕੇ ਜਦੋਂ ਉਹ ਸੈਕੰਡਰੀ ਸਕੂਲ ਵਿੱਚ ਹੋਣ। ਮੀਟਿੰਗ ਤੋਂ ਪਹਿਲਾਂ ਅਧਿਆਪਕ ਨਾਲ ਆਪਣੇ ਬੱਚੇ ਦੀ ਮੌਜੂਦਗੀ ਬਾਰੇ ਵਿਚਾਰ-ਵਟਾਂਦਰਾ ਕਰਨਾ ਲਾਭਦਾਇਕ ਹੋ ਸਕਦਾ ਹੈ।

(ਰੌਚਕ ਤੌਰ ਤੇ, ਅਮਰੀਕਾ ਵਿੱਚ ਖਾਸ ਲੋੜਾਂ ਵਾਲੇ ਵਿਦਿਆਰਥੀਆਂ ਨੂੰ 14 ਵਰ੍ਹਿਆਂ ਦਾ ਹੋ ਜਾਣ ਤੇ ਇਸ ਵਿੱਚ ਸ਼ਾਮਲ ਹੋਣਾ ਹੁੰਦਾ ਹੈ ਤਾਂ ਜੋ ਉਹ ਗ੍ਰੈਜੁਏਸ਼ਨ ਤੋਂ ਬਾਅਦ ਲਈ ਯੋਜਨਾ ਬਣਾਉਣਾ ਸਿੱਖ ਸਕਣ।)

ਜੇਕਰ ਤੁਹਾਡਾ ਬੱਚਾ ਸ਼ਾਮਲ ਹੋਣਾ ਚਾਹੁੰਦਾ ਹੈ, ਤਾਂ ਮੀਟਿੰਗ ਬਾਰੇ ਉਸ ਨਾਲ ਗੱਲ ਕਰਨ ਦੇ ਮੌਕੇ ਦਾ ਲਾਭ ਉਠਾਓ। ਉਸਨੂੰ ਦੱਸੋ ਕਿ ਉੱਥੇ ਕੌਣ ਹੋਵੇਗਾ ਅਤੇ ਉਸ ਤੋਂ ਕਿਸ ਤਰ੍ਹਾਂ ਦੇ ਸਵਾਲ ਪੁੱਛੇ ਜਾ ਸਕਦੇ ਹਨ। ਜੇਕਰ ਉਸ ਕੋਲ ਪਹਿਲਾਂ ਹੀ ਇੱਕ ਆਈ.ਈ.ਪੀ. ਹੈ, ਤਾਂ ਉਸਦੇ ਨਾਲ ਇਸਦੀ ਸਮੀਖਿਆ ਕਰੋ, ਖਾਸ ਕਰਕੇ ਉਸਦੀਆਂ ਸਮਰੱਥਾਵਾਂ ਅਤੇ ਉਹ ਕਿਵੇਂ ਬਿਹਤਰ ਸਿੱਖਦੀ ਹੈ। ਪਹਿਲਾਂ ਹੀ ਉਸ ਨਾਲ ਮੀਟਿੰਗ ਬਾਰੇ ਗੱਲ ਕਰਨ ਨਾਲ ਉਸਨੂੰ ਆਪਣੇ ਟੀਚਿਆਂ, ਸਮਰੱਥਾਵਾਂ ਅਤੇ ਉਹਨਾਂ ਖੇਤਰਾਂ ਬਾਰੇ ਸੋਚਣ ਦਾ ਸਮਾਂ ਮਿਲ ਜਾਏਗਾ, ਜਿਹਨਾਂ ਵਿੱਚ ਉਸਨੂੰ ਸਹਾਇਤਾ ਦੀ ਲੋੜ ਹੋ ਸਕਦੀ ਹੈ।[1]

ਜੇਕਰ ਤੁਸੀਂ ਅਤੇ ਤੁਹਾਡੀ ਬੱਚੀ ਇਹ ਫੈਸਲਾ ਕਰਦੇ ਹੋ ਕਿ ਉਹ ਮੀਟਿੰਗ ਵਿੱਚ ਸ਼ਾਮਿਲ ਨਹੀਂ ਹੋਵੇਗੀ, ਤਾਂ ਵੀ ਤੁਸੀਂ ਉਸਨੂੰ ਉਸੇ ਤਰੀਕੇ ਨਾਲ ਹੀ ਟੀਚਿਆਂ ਦੇ ਵਾਤਾਵਰਨ ਵਿੱਚ ਸ਼ਾਮਲ ਕਰ ਸਕਦੇ ਹੋ ਜਿਵੇਂ ਕਿ ਉਹ ਮੀਟਿੰਗ ਵਿੱਚ ਸ਼ਾਮਲ ਹੋਵੇ।[2] ਜਦੋਂ ਆਈ.ਈ.ਪੀ. ਪੂਰੀ ਹੋ ਜਾਂਦੀ ਹੈ, ਤਾਂ ਤੁਸੀਂ ਅਤੇ ਅਧਿਆਪਕ ਉਸਦੇ ਨਾਲ ਇਸਦੀ ਸਮੀਖਿਆ ਕਰ ਸਕਦੇ ਹੋ।

ਤੁਹਾਡੀ ਬੱਚੀ ਇੱਕ ਆਈ.ਈ.ਪੀ. ਮੀਟਿੰਗ ਵਿੱਚ ਸ਼ਾਮਲ ਹੋਣ ਲਈ ਪਹੁੰਚਦੀ ਹੈ ਜਾਂ ਨਹੀਂ, ਉਸਨੂੰ ਖੁਦ ਦੀ ਹਿਮਾਇਤ ਕਰਨਾ ਸਿਖਾਉਣ ਵਿੱਚ ਸਹਾਇਤਾ ਕਰਨਾ ਲਾਜ਼ਮੀ ਹੈ। ਸਾਡੇ ਬੱਚੇ ਆਪਣੀਆਂ ਸਮਰੱਥਾਵਾਂ ਜਾਂ ਅਸਮਰਥਾਵਾਂ ਨਾਲ ਜਿੰਨੇ ਵੱਧ ਸਹਿਜ ਹੋਣਗੇ, ਓਨੇ ਹੀ ਵੱਧ ਆਪਣੇ ਖੁਦ ਦੇ ਹਿਮਾਇਤੀ ਦੇ ਤੌਰ ਤੇ ਕੰਮ ਕਰਨ ਦੇ ਯੋਗ ਹੋਣਗੇ। ਇਹ ਖਾਸ ਕਰਕੇ ਉਦੋਂ ਲਾਜ਼ਮੀ ਹੁੰਦਾ ਹੈ, ਜਦੋਂ ਉਹ ਮਿਡਲ ਅਤੇ ਸੈਕੰਡਰੀ ਸਕੂਲ ਤੱਕ ਪਹੁੰਚਦੇ ਹਨ ਅਤੇ ਉਹਨਾਂ ਦੇ ਕਈ ਅਧਿਆਪਕ ਹੁੰਦੇ ਹਨ।

[1] ਬੀ.ਸੀ. ਸਿੱਖਿਆ ਮੰਤਰਾਲਾ, *ਖਾਸ ਲੋੜਾਂ ਵਾਲੇ ਵਿਦਿਆਰਥੀਆਂ ਲਈ ਵਿਅਕਤੀਗਤ ਸਿੱਖਿਆ ਯੋਜਨਾਬੰਦੀ: ਅਧਿਆਪਕਾਂ ਲਈ ਇੱਕ ਸ੍ਰੋਤ ਗਾਈਡ* (B.C. Ministry of Education, *Individual Education Planning for Students with Special Needs: A Resource Guide for Teachers*), ਇੱਕ ਲਾਭਦਾਇਕ ਇੰਟਰਵਿਊ ਰੂਪ-ਰੇਖਾ ਲਈ, ਅੰਤਕਾ 3 ਦੇਖੋ।

[2] ਮੀਟਿੰਗ ਦੀ ਤਿਆਰੀ ਵਿੱਚ ਆਪਣੇ ਬੱਚੇ ਨੂੰ ਪੁੱਛਣ ਲਈ ਸਵਾਲਾਂ ਲਈ ਸਮਾਨ ਸ੍ਰੋਤ ਦੀ ਅੰਤਕਾ 2 ਦੇਖੋ।

> ਜੇਕਰ ਤੁਹਾਡੇ ਕੋਲ ਇੱਕ ਸੇਬ ਹੈ ਅਤੇ ਮੇਰੇ ਕੋਲ ਇੱਕ ਸੇਬ ਹੈ ਅਤੇ ਅਸੀਂ ਇਹਨਾਂ ਸੇਬਾਂ ਦਾ ਵਟਾਂਦਰਾ ਕਰਦੇ ਹਾਂ, ਤਾਂ ਤੁਹਾਡੇ ਅਤੇ ਮੇਰੇ ਕੋਲ ਤਦ ਵੀ ਇੱਕੋ ਸੇਬ ਹੋਵੇਗਾ। ਪਰੰਤੂ ਜੇਕਰ ਤੁਹਾਡੇ ਕੋਲ ਇੱਕ ਯੋਜਨਾ ਹੈ ਅਤੇ ਮੇਰੇ ਕੋਲ ਇੱਕ ਯੋਜਨਾ ਹੈ ਅਤੇ ਅਸੀਂ ਇਹਨਾਂ ਯੋਜਨਾਵਾਂ ਦਾ ਵਟਾਂਦਰਾ ਕਰਦੇ ਹਾਂ, ਤਾਂ ਸਾਡੇ ਵਿੱਚੋਂ ਹਰੇਕ ਕੋਲ ਦੋ ਯੋਜਨਾਵਾਂ ਹੋਣਗੀਆਂ।
>
> —ਜੌਰਜ ਬਰਨਾਰਡ ਸ਼ੋ *(George Bernard Shaw)*

# ਸਿੱਖਣ ਨੂੰ ਸਮਝਣਾ

ਅਸੀਂ ਜਾਣਦੇ ਹਾਂ ਕਿ ਬੱਚੇ ਕਈ ਤਰੀਕਿਆਂ ਨਾਲ ਸਿੱਖਦੇ ਹਨ। ਸਾਨੂੰ ਇਹ ਵੀ ਪਤਾ ਹੈ ਕਿ ਜਿਓਂ ਹੀ ਉਹ ਵੱਡੇ ਹੁੰਦੇ ਹਨ, ਉਹ ਵੱਖਰੇ ਅਤੇ ਅਨੂਠੇ ਤਰੀਕਿਆਂ ਵਿੱਚ ਸਿੱਖਣ ਦੀ ਇੱਕ ਤਰਜੀਹ ਦਾ ਵਿਕਾਸ ਕਰਦੇ ਹਨ। ਸਫਲ ਹੋਣ ਲਈ, ਉਹਨਾਂ ਲਈ ਅਨੁਕੂਲ ਕਰਨਾ ਸਿੱਖਣਾ ਵੀ ਲਾਜ਼ਮੀ ਹੁੰਦਾ ਹੈ।

ਵਰ੍ਹਿਆਂ ਤੱਕ, ਸਿੱਖਿਅਕਾਂ ਨੇ ਸਿੱਖਣ ਦੀਆਂ ਪ੍ਰਕਿਰਿਆਵਾਂ ਦਾ ਅਧਿਐਨ ਕੀਤਾ ਹੈ ਅਤੇ ਇਹ ਵਿਆਖਿਆ ਕਰਨ ਲਈ ਕਈ ਤਰੀਕੇ ਵਿਕਸਿਤ ਕੀਤੇ ਹਨ ਕਿ ਸਿੱਖਿਆ ਕਿਵੇਂ ਉਤਪੰਨ ਹੁੰਦੀ ਹੈ। ਫਿਰ ਵੀ, ਕਿਉਂਕਿ ਸਿੱਖਿਆ ਇੱਕ ਅਜਿਹੀ ਗੁੰਝਲਦਾਰ ਪ੍ਰਕਿਰਿਆ ਹੈ, ਇਹਨਾਂ ਵਿੱਚੋਂ ਕਈ ਮਾਡਲਾਂ ਦੀ ਹਿਮਾਇਤ ਕਰਨ ਲਈ ਬਹੁਤ ਘੱਟ ਪ੍ਰਮਾਣ ਹਨ। ਸਿੱਟੇ ਵਜੋਂ, ਸਿੱਖਿਆ ਦੀ ਵਿਆਖਿਆ ਕਰਨ ਲਈ "ਸਹੀ" ਅਤੇ "ਗਲਤ" ਤਰੀਕੇ ਨਾਲ ਸੰਬੰਧਿਤ ਸਿੱਖਿਅਕਾਂ ਵਿਚਕਾਰ ਕਾਫ਼ੀ ਵਾਦ-ਵਿਵਾਦ ਹੈ।

ਇਸ ਗਾਈਡ ਵਿੱਚ, ਅਸੀਂ ਤੁਹਾਨੂੰ ਵਿਖਾਉਣ ਲਈ ਇੱਕ ਸਰਲ ਮਾਡਲ ਦੀ ਚੋਣ ਕੀਤੀ ਹੈ, ਜੋ ਸਿੱਖਣ ਦੀਆਂ ਅਸਮਰਥਾਵਾਂ ਦੇ ਖੇਤਰ ਵਿੱਚ ਵਿਸ਼ਾਲ ਰੂਪ ਵਿੱਚ ਵਰਤਿਆ ਜਾਂਦਾ ਹੈ। ਹਾਲਾਂਕਿ ਇਸ ਮਾਡਲ ਨੂੰ ਮੂਲ ਰੂਪ ਵਿੱਚ "ਸਹੀ" ਸਿੱਧ ਨਹੀ ਕੀਤਾ ਜਾ ਸਕਦਾ, ਪਰੰਤੂ ਇਹ ਤਦ ਵੀ ਲਾਭਦਾਇਕ ਹੋ ਸਕਦਾ ਹੈ, ਜਦੋਂ ਅਸੀਂ ਆਪਣੇ ਬੱਚੇ ਦੇ ਸਿੱਖਣ ਦੇ ਅਨੂਠੇ ਤਰੀਕੇ ਨੂੰ ਪ੍ਰਗਟ ਕਰਨਾ ਸ਼ੁਰੂ ਕਰਦੇ ਹਾਂ। ਧਿਆਨ ਵਿੱਚ ਰੱਖੋ ਕਿ ਕੋਈ ਵੀ ਬੱਚਾ ਇਹਨਾਂ ਸ਼੍ਰੇਣੀਆਂ ਵਿੱਚੋਂ ਇੱਕ ਤੋਂ ਵੱਧ ਵਿੱਚ ਵਿਸ਼ੇਸ਼ਤਾਵਾਂ ਪ੍ਰਗਟ ਕਰ ਸਕਦਾ ਹੈ।

**ਦਾਰਸ਼ਿਕ ਵਿਦਿਆਰਥੀ ਜਾਣਕਾਰੀ ਦੇਖਣਾ ਪਸੰਦ ਕਰਦੇ ਹਨ। ਉਹ**

- ਦਾਰਸ਼ਿਕ ਵੇਰਵਿਆਂ ਨੂੰ ਯਾਦ ਰੱਖਦੇ ਹਨ
- ਜੋ ਉਹ ਸਿੱਖ ਰਹੇ ਹਨ, ਉਸਨੂੰ ਦੇਖਣਾ ਪਸੰਦ ਕਰਦੇ ਹਨ
- ਪੇਪਰ ਅਤੇ ਪੈਨ ਆਪਣੇ ਕੋਲ ਰੱਖਣਾ ਪਸੰਦ ਕਰਦੇ ਹਨ
- ਸੁਣਦੇ ਸਮੇਂ ਘੁੱਗੂ ਘਾਂਗੜੇ ਵਾਹੁੰਦੇ ਹਨ
- ਉਹਨਾਂ ਨੂੰ ਲੈਕਚਰ ਗ੍ਰਹਿਣ ਕਰਨ ਵਿੱਚ ਮੁਸ਼ਕਿਲ ਹੋ ਸਕਦੀ ਹੈ
- ਨਿਰਦੇਸ਼ ਜਾਂ ਟੈਲੀਫੋਨ ਨੰਬਰ ਲਿਖਣਾ ਪਸੰਦ ਕਰਦੇ ਹਨ

ਇੱਕ ਦਾਰਸ਼ਿਕ ਵਿਦਿਆਰਥੀ ਇੱਕ ਸ਼ਾਂਤ ਸਥਾਨ ਨੂੰ ਤਰਜੀਹ ਦੇ ਸਕਦਾ ਹੈ ਅਤੇ ਗੱਲ ਕਰ ਰਹੇ ਵਿਅਕਤੀ ਵੱਲ ਦੇਖਣਾ ਚਾਹ ਸਕਦਾ ਹੈ। ਉਹ ਤਦ ਬਿਹਤਰ ਕਰ ਸਕਦਾ ਹੈ, ਜੇਕਰ ਉਹ ਕਲਾਸ ਵਿੱਚ ਅੱਗੇ ਬੈਠਦਾ ਹੈ।

**ਸ਼ਰਵਣਾਤਮਿਕ ਵਿਦਿਆਰਥੀ ਜਾਣਕਾਰੀ ਨੂੰ ਸੁਣਨਾ ਪਸੰਦ ਕਰਦੇ ਹਨ। ਉਹ**

- ਮੌਖ਼ਿਕ ਚਰਚਾ ਦਾ ਆਨੰਦ ਮਾਣਦੇ ਹਨ
- ਉੱਚੀ ਆਵਾਜ਼ ਵਿੱਚ ਗੱਲਾਂ ਕਰਕੇ ਯਾਦ ਰੱਖਦੇ ਹਨ
- ਉਹਨਾਂ ਨੂੰ ਮੌਖ਼ਿਕ ਰੂਪ ਨਾਲ ਚੀਜ਼ਾਂ ਨੂੰ ਵਿਸਤਾਰ ਨਾਲ ਸਮਝਾਉਣ ਦੀ ਲੋੜ ਹੁੰਦੀ ਹੈ
- ਉਹਨਾਂ ਨੂੰ ਲਿਖੇ ਹੋਏ ਨਿਰਦੇਸ਼ਾਂ ਨਾਲ ਮੁਸ਼ਕਿਲ ਹੋ ਸਕਦੀ ਹੈ
- ਕੁਝ ਸਿੱਖਦੇ ਸਮੇਂ ਖੁਦ ਨਾਲ ਗੱਲਾਂ ਕਰਦੇ ਹਨ
- ਟੈਲੀਫੋਨ ਨੰਬਰ ਨੂੰ ਯਾਦ ਰੱਖਣ ਲਈ ਇਸਨੂੰ ਦੁਹਰਾਉਂਦੇ ਹਨ

ਇੱਕ ਸ਼ਰਵਣਾਤਮਿਕ ਵਿਦਿਆਰਥੀ ਕਿਸੇ ਸਾਥੀ ਨਾਲ ਕੰਮ ਕਰਨ ਨੂੰ ਤਰਜੀਹ ਦੇ ਸਕਦਾ ਹੈ ਅਤੇ ਉਹ ਵਿਸ਼ੇ ਬਾਰੇ ਗੱਲਾਂ ਕਰਕੇ ਇਸਤੋਂ ਲਾਭ ਲਵੇਗਾ।

**ਸੰਵੇਦਨਾਤਮਿਕ ਜਾਂ ਸਪਰਸ਼ੀ ਵਿਦਿਆਰਥੀ ਚੀਜ਼ਾਂ ਨੂੰ ਛੋਹਣਾ ਜਾਂ ਹੱਥਾਂ ਨਾਲ ਚਲਾਉਣਾ ਪਸੰਦ ਕਰਦੇ ਹਨ। ਉਹ**

- ਗਤੀਵਿਧੀਆਂ ਨੂੰ ਤਰਜੀਹ ਦਿੰਦੇ ਹਨ
- ਜਿਸ ਬਾਰੇ ਵੀ ਗੱਲ ਕੀਤੀ ਜਾ ਰਹੀ ਹੋਵੇ ਜਾਂ ਜੋ ਵੀ ਸਿੱਖਿਆ ਜਾ ਰਿਹਾ ਹੋਵੇ, ਉਸਨੂੰ ਅਸਲ ਵਿੱਚ ਕਰਨਾ ਚਾਹੁੰਦੇ ਹਨ
- ਸੁਣਦੇ ਜਾਂ ਗੱਲ ਕਰਦੇ ਸਮੇਂ ਇੱਧਰ-ਉੱਧਰ ਤੁਰਨਾ ਪਸੰਦ ਕਰਦੇ ਹਨ
- ਅਕਸਰ ਆਪਣੇ ਹੱਥਾਂ ਨਾਲ "ਗੱਲ" ਕਰਦੇ ਹਨ
- ਚੀਜ਼ਾਂ ਬਾਰੇ ਸਿੱਖਣ ਲਈ ਉਹਨਾਂ ਨੂੰ ਛੋਹਣਾ ਪਸੰਦ ਕਰਦੇ ਹਨ
- ਕਿਸਨੇ ਕੀ *ਕਿਹਾ*, ਦੀ ਬਜਾਏ, ਕਿਸਨੇ ਕੀ ਕੀਤਾ, ਬਾਰੇ ਯਾਦ ਕਰਕੇ ਚੀਜ਼ਾਂ ਨੂੰ ਯਾਦ ਰੱਖਦੇ ਹਨ
- ਉਹਨਾਂ ਨੂੰ ਪ੍ਰਯੋਗਿਕ, ਕਿਰਿਆਸ਼ੀਲ ਸਿੱਖਿਆ ਦੀ ਲੋੜ ਹੁੰਦੀ ਹੈ (ਸਪਰਸ਼ ਅਤੇ ਗਤੀਵਿਧੀ)
- ਉਹਨਾਂ ਨੂੰ ਕਿਸੇ ਚੀਜ਼ ਨੂੰ ਜੋੜਨ ਲਈ ਨਿਰਦੇਸ਼ਾਂ ਦੀ ਲੋੜ ਨਹੀਂ ਹੁੰਦੀ

ਇੱਕ ਸੰਵੇਦਨਾਤਮਿਕ ਜਾਂ ਸਪਰਸ਼ੀ ਵਿਦਿਆਰਥੀ ਨੂੰ ਕੰਮ ਕਰਨ ਵੇਲੇ ਵਾਰ-ਵਾਰ ਵਿਸ਼ਰਾਮ ਦੀ ਲੋੜ ਹੋ ਸਕਦੀ ਹੈ ਅਤੇ ਸਿੱਖਦੇ ਸਮੇਂ ਬੇਚੈਨੀ ਵਿੱਚ ਇੱਧਰ-ਉੱਧਰ ਘੁੰਮਣ ਲਈ ਇੱਕ ਰਾਹ ਲੱਭਣ ਦੀ ਲੋੜ ਪੈ ਸਕਦੀ ਹੈ।

# ਸਾਡੇ ਬੱਚੇ ਦੇ ਸਿੱਖਣ ਦਾ ਢੰਗ

ਮਾਤਾ-ਪਿਤਾ ਨੂੰ ਆਪਣੇ ਬੱਚੇ ਦੇ ਸਿੱਖਣ ਦੇ ਢੰਗ ਨੂੰ ਨਾਂ ਦੇਣ ਵਿੱਚ ਮੁਸ਼ਕਿਲ ਹੋ ਸਕਦੀ ਹੈ। ਪਰੰਤੂ ਅਜਿਹਾ ਕੇਵਲ ਇਸ ਲਈ ਹੁੰਦਾ ਹੈ ਕਿਉਂਕਿ ਅਸੀਂ ਇਸ ਬਾਰੇ ਨਹੀਂ ਸੋਚਦੇ, ਜੋ ਅਸੀਂ ਉਸ ਸੰਬੰਧ ਵਿੱਚ ਜਾਣਦੇ ਹਾਂ। ਜਦੋਂ ਵਿਸ਼ੇ ਨੂੰ ਵੱਖਰੇ ਢੰਗ ਨਾਲ ਪ੍ਰਦਰਸ਼ਿਤ ਕੀਤਾ ਜਾਂਦਾ ਹੈ, ਤਾਂ ਅਸੀਂ ਆਪਣੀ ਜਾਣਕਾਰੀ ਦੀ ਸਹੀ ਗਹਿਰਾਈ ਪ੍ਰਗਟ ਕਰਦੇ ਹਾਂ।

ਜਦੋਂ ਅਸੀਂ ਆਪਣੇ ਬੱਚੇ ਨੂੰ ਕੋਈ ਮਹੱਤਵਪੂਰਣ ਗੱਲ ਦੱਸਣਾ ਚਾਹੁੰਦੇ ਹਾਂ ਤਾਂ ਅਸੀਂ ਜੋ ਵੀ ਕਰਦੇ ਹਾਂ, ਸਾਨੂੰ ਉਸਦੀ ਵਿਆਖਿਆ ਕਰਨ ਵਿੱਚ ਕੋਈ ਮੁਸ਼ਕਿਲ ਨਹੀਂ ਹੁੰਦੀ। ਅਸੀਂ ਇੱਕ ਗੋਡੇ ਤੇ ਬੈਠ ਸਕਦੇ ਹਾਂ, ਅੱਖਾਂ ਦਾ ਸੰਪਰਕ ਬਣਾ ਸਕਦੇ ਹਾਂ, ਕੇਵਲ ਗੱਲ ਕਰ ਸਕਦੇ ਹਾਂ ਜਾਂ ਆਪਣੇ ਬੱਚੇ ਨੂੰ ਉਹ ਦੁਹਰਾਉਣ ਲਈ ਆਖ ਸਕਦੇ ਹਾਂ ਜੋ ਅਸੀਂ ਹੁਣੇ ਹੀ ਉਸਨੂੰ ਦੱਸਿਆ ਹੈ। ਮਾਤਾ-ਪਿਤਾ ਦੇ ਤੌਰ ਤੇ, ਅਸੀਂ ਜਾਣਦੇ ਹਾਂ ਕਿ ਸਾਡੇ ਬੱਚੇ ਤੇ ਕਿਸ ਚੀਜ਼ ਦਾ ਅਸਰ ਹੋਵੇਗਾ।

ਜਦੋਂ ਅਸੀਂ ਆਪਣੇ ਬੱਚੇ ਨੂੰ ਕੋਈ ਨਵੀਂ ਖੇਡ, ਬਝਾਰਤ ਜਾਂ ਖਿਡੌਣਾ ਦਿੰਦੇ ਹਾਂ, ਤਾਂ ਅਸੀਂ ਜਾਣਦੇ ਹਾਂ ਕਿ ਉਹ ਇਸ ਤੱਕ ਕਿਵੇਂ ਪਹੁੰਚੇਗੀ। ਸੁਭਾਵਿਕ ਤੌਰ ਤੇ, ਸਾਨੂੰ ਆਪਣੇ ਬੱਚੇ ਦੇ ਸਿੱਖਣ ਦਾ ਢੰਗ ਪਤਾ ਹੁੰਦਾ ਹੈ। ਇਹ ਮਹੱਤਵਪੂਰਨ ਹੈ ਕਿ, ਸਾਡੀ ਸਹਾਇਤਾ ਨਾਲ, ਸਕੂਲ ਅਤੇ ਅਧਿਆਪਕ ਵੀ ਇਸ ਬਾਰੇ ਜਾਣਨ। ਇਹ ਜਾਣਕਾਰੀ ਇੱਕ ਆਈ.ਈ.ਪੀ. ਵਿੱਚ ਸ਼ਾਮਲ ਕੀਤੀ ਜਾਣੀ ਚਾਹੀਦੀ ਹੈ ਅਤੇ ਟੀਚੇ ਅਤੇ ਕਾਰਜਨੀਤੀਆਂ ਨਿਸ਼ਚਿਤ ਕਰਨ ਵਿੱਚ ਵਰਤੀ ਜਾਣੀ ਚਾਹੀਦੀ ਹੈ। ਸਕੂਲ ਮੁਲਾਂਕਣ ਸਾਡੇ ਨਿਰੀਖਣਾਂ ਦੀ ਪੁਸ਼ਟੀ ਕਰ ਸਕਦੇ ਹਨ ਅਤੇ ਸਾਡੇ ਬੱਚੇ ਦੇ ਸਿੱਖਣ ਦੇ ਢੰਗ ਤੇ ਚਾਨਣ ਪਾ ਸਕਦੇ ਹਨ।

ਸਿੱਖਿਆ ਮੰਤਰਾਲਾ (ਮਿਨਿਸਟ੍ਰੀ ਔਫ ਐਜੁਕੇਸ਼ਨ) ਨਿਸ਼ਚਾ ਕਰਦਾ ਹੈ ਕਿ ਇੱਕ ਆਈ.ਈ.ਪੀ. ਵਿੱਚ ਕੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਸਕੂਲ ਜਿਲਿਆਂ ਨੂੰ ਅਜਿਹਾ ਫੌਰਮੈਟ ਵਿਕਸਿਤ ਕਰਨ ਦੀ ਖੁੱਲ੍ਹ ਹੁੰਦੀ ਹੈ, ਜੋ ਉਹਨਾਂ ਦੀਆਂ ਲੋੜਾਂ ਦੇ ਅਨੁਰੂਪ ਹੋਵੇ। ਸਾਡੇ ਬੱਚੇ ਦੇ ਅਨੁਕੂਲ ਬਣਾਉਣ ਲਈ ਕੁਝ ਜੋੜਨ ਜਾਂ ਬਦਲਾਵ ਕਰਨ ਦੀ ਮੰਗ ਕਰਨ ਤੋਂ ਸਾਨੂੰ ਕੋਈ ਨਹੀਂ ਰੋਕ ਸਕਦਾ। ਉਦਾਹਰਨ ਲਈ, ਸਾਡੀ ਹੇਠਾਂ ਲਿਖੇ ਵਾਂਗ ਇੱਕ ਸੂਚੀ ਬਣਾਉਣ ਦੀ ਇੱਛਾ ਹੋ ਸਕਦੀ ਹੈ:

**ਮੇਰੀ ਬੱਚੀ ਬਿਹਤਰ ਸਿੱਖਦੀ ਹੈ ਜਦੋਂ ...**

- ਉਸਨੂੰ ਕਲਾਸ ਵਿੱਚ ਅੱਗੇ ਬਿਠਾਇਆ ਜਾ ਸਕੇ
- ਪਹਿਲਾਂ ਉਹ ਦੂਜਿਆਂ ਨੂੰ ਕੰਮ ਕਰਦੇ ਵੇਖ ਸਕਦੀ ਹੋਵੇ
- ਨਿਰਦੇਸ਼ ਸਰਲ ਰੱਖੇ ਜਾਣ ਜਾਂ ਉਹਨਾਂ ਨੂੰ ਚਰਣਾਂ ਵਿੱਚ ਵੰਡਿਆ ਜਾਏ
- ਉਸਨੂੰ ਕੰਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਇਸ ਬਾਰੇ ਚਰਚਾ ਕਰਨ ਦਾ ਮੌਕਾ ਮਿਲੇ
- ਉਹ ਇੱਕ ਸ਼ਾਂਤ, ਨਿਸ਼ਚਲ ਸਥਾਨ ਤੇ ਹੋਵੇ
- ਉਸਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਹ ਆਪਣੀ ਖੁਦ ਦੀ ਗਤੀ ਨਾਲ ਕੰਮ ਕਰ ਸਕਦੀ ਹੈ ਅਤੇ ਉਹ ਦਬਾਅ ਵਿੱਚ ਮਹਿਸੂਸ ਨਾ ਕਰੇ
- ਉਸਨੂੰ ਲੰਮੇ ਸਮੇਂ ਤੱਕ ਆਪਣੇ ਡੈਸਕ ਤੇ ਬੈਠਣ ਦੀ ਬਜਾਏ, ਇੱਧਰ-ਉੱਧਰ ਘੁੰਮਣ ਦਾ ਮੌਕਾ ਮਿਲੇ

ਸਾਡੀ ਇਹ ਦਰਸਾਉਣ ਵਾਲੀ ਇੱਕ ਸੂਚੀ ਬਣਾਉਣ ਦੀ ਇੱਛਾ ਵੀ ਹੋ ਸਕਦੀ ਹੈ ਕਿ ਸਾਡਾ ਬੱਚਾ ਕਦੋਂ ਨਿਰਾਸ਼ ਹੁੰਦਾ ਹੈ - ਕਿਸ ਸਮੇਂ ਅਤੇ ਕਿਹੜੀਆਂ ਸਥਿਤੀਆਂ ਵਿੱਚ। ਜੋ ਕਾਰਜਨੀਤੀਆਂ ਘਰ ਵਿੱਚ ਅਸਰਦਾਰ ਹੁੰਦੀਆਂ ਹਨ, ਉਹ ਅਕਸਰ ਸਕੂਲ ਵਿੱਚ ਵੀ ਟ੍ਰਾਂਸਫਰ ਕੀਤੀਆਂ ਜਾਂਦੀਆਂ ਹਨ, ਬਸ਼ਰਤੇ ਦੋਵਾਂ ਦੇ ਵਾਤਾਵਰਨ ਵਿੱਚ ਇਕਸਾਰਤਾ ਹੋਵੇ।

ਬੱਚੇ ਉਦੋਂ ਬਿਹਤਰ ਸਿੱਖਦੇ ਹਨ ਜਦੋਂ ਸਮੱਗਰੀ ਨੂੰ ਉਸ ਤਰੀਕੇ ਨਾਲ ਪ੍ਰਦਰਸ਼ਿਤ ਕੀਤਾ ਜਾਂਦਾ ਹੈ ਜੋ ਉਹਨਾਂ ਦੇ ਸਿੱਖਣ ਦੇ ਢੰਗ ਅਤੇ ਸਿੱਖਣ ਦੀਆਂ ਅਨੂਠੀਆਂ ਸਮਰੱਥਾਵਾਂ ਨਾਲ ਮੇਲ ਖਾਂਦਾ ਹੋਵੇ। ਤੁਹਾਡੇ, ਮਾਤਾ ਜਾਂ ਪਿਤਾ, ਨਾਲ ਇੱਕ ਆਈ.ਈ.ਪੀ. ਬਣਾਉਣ ਲਈ ਯੁਕਤੀ ਯੁਕਤ ਵੇਰਵੇ ਦਾ ਹਿੱਸਾ, ਇਸ ਤਰ੍ਹਾਂ ਦੀ ਜਾਣਕਾਰੀ ਤੋਂ ਤੱਥਾਂ ਨੂੰ ਵੱਖ ਕਰਨਾ ਹੈ, ਜਿਸਦੀ ਲੋੜ ਸਕੂਲਾਂ ਨੂੰ ਤੁਹਾਡੇ ਬੱਚੇ ਦੇ ਸਫਲ ਹੋਣ ਲਈ ਹੁੰਦੀ ਹੈ। ਇਹ ਸਹਿਯੋਗਾਤਮਕ ਪ੍ਰਕਿਰਿਆ ਦਾ ਹਿੱਸਾ ਹੈ।

> ਮਾਤਾ-ਪਿਤਾ ਨੂੰ ਪੇਸ਼ਾਵਰਾਂ ਦੀ ਲੋੜ ਹੁੰਦੀ ਹੈ। ਪੇਸ਼ਾਵਰਾਂ ਨੂੰ ਮਾਤਾ-ਪਿਤਾ ਦੀ ਲੋੜ ਹੁੰਦੀ ਹੈ। ਬੱਚਿਆਂ ਨੂੰ ਸਾਡੇ ਦੋਵਾਂ ਦੀ ਲੋੜ ਹੁੰਦੀ ਹੈ।
>
> —ਅਦਿੱਖ ਅਸਮਰਥਾਵਾਂ ਦਾ ਸੰਘ (Federation of Invisible Disabilities)

# ਬੱਚੇ ਦੇ ਸਿੱਖਣ ਦੇ ਢੰਗ ਦਾ ਵਰਤਾਓ ਕਰਦੇ ਹੋਏ ਨਮੂਨਾ ਆਈ.ਈ.ਪੀ. ਟੀਚਾ

*ਮਾਰਕ ਹੁਣ ਗ੍ਰੇਡ 4 ਵਿੱਚ ਹੈ। ਗ੍ਰੇਡ 3 ਵਿੱਚ, ਉਸਦਾ ਮੁਲਾਂਕਣ ਸਿੱਖਣ ਦੀ ਅਸਮਰਥਾ ਨਾਲ ਕੀਤਾ ਗਿਆ ਸੀ, ਅਤੇ ਹੁਣ ਉਹ ਗ੍ਰੇਡ 1 ਲੈਵਲ ਵਿੱਚ ਪੜ੍ਹਦਾ ਹੈ। ਉਹ ਇੱਕ ਦਾਰਸ਼ਿਕ ਵਿਦਿਆਰਥੀ ਹੈ। ਉਸਦੇ ਮਾਤਾ-ਪਿਤਾ ਨੂੰ ਚਿੰਤਾ ਹੈ ਕਿ ਉਸਦਾ ਸਵੈ-ਮਾਣ ਘੱਟ ਹੈ ਅਤੇ ਉਹ ਖੁਦ ਨੂੰ ਇੱਕ ਚੰਗਾ ਵਿਦਿਆਰਥੀ ਨਹੀਂ ਸਮਝਦਾ। ਮਾਰਕ ਖੇਡਾਂ ਵਿੱਚ ਹੁਸ਼ਿਆਰ ਹੈ ਅਤੇ ਉਹਨਾਂ ਦਾ ਆਨੰਦ ਮਾਣਦਾ ਹੈ। ਉਸਦੇ ਮਾਤਾ-ਪਿਤਾ ਉਸਦੀ ਸਹਾਇਤਾ ਕਰਨ ਤੇ ਬਹੁਤ ਜ਼ਿਆਦਾ ਧਿਆਨ ਦਿੰਦੇ ਹਨ।*

**ਟੀਚਾ: ਪੜ੍ਹਾਈ ਵਿੱਚ ਦਿਲਚਸਪੀ ਅਤੇ ਅਨੰਦ ਵਿਕਸਿਤ ਕਰਨ ਵਿੱਚ ਮਾਰਕ ਦੀ ਸਹਾਇਤਾ ਕਰਨਾ**

**ਕਾਰਜਨੀਤੀਆਂ**

ਅਧਿਆਪਕ ਇਹ ਕਰੇਗਾ

- ਰਿਸੋਰਸ ਟੀਚਰ ਦੀ ਸਹਾਇਤਾ ਨਾਲ, ਪੜ੍ਹਾਈ ਦੀਆਂ ਸਮੱਗਰੀਆਂ ਨੂੰ ਮਾਰਕ ਦੇ ਪੜ੍ਹਾਈ ਦੇ ਪੱਧਰ ਦੇ ਅਨੁਕੂਲ ਬਣਾਏਗਾ
- ਮਾਰਕ ਦੇ ਪੜ੍ਹਾਈ ਦੇ ਪੱਧਰ ਦੇ ਮੁਤਾਬਕ ਪੜ੍ਹਾਈ ਦੀ ਸਮੱਗਰੀ ਚੁਣਨ ਵਿੱਚ ਮਾਰਕ ਦੀ ਸਹਾਇਤਾ ਕਰੇਗਾ, ਖੇਡਾਂ ਦੀਆਂ ਪੁਸਤਕਾਂ ਸਮੇਤ
- ਭਾਸ਼ਾ ਕਲਾਵਾਂ ਯੂਨਿਟਾਂ ਵਿੱਚ ਇੱਕ ਖੇਡ ਫੋਕਸ ਵਾਲੀ ਸਮੱਗਰੀ ਸ਼ਾਮਲ ਕਰੇਗਾ
- ਮਾਰਕ ਦੀ ਸਫਲਤਾ ਗਤੀ ਨੂੰ ਬਿਹਤਰ ਬਣਾਉਣ ਲਈ, ਮਾਰਕ ਦੀਆਂ ਪੜ੍ਹਾਈ ਦੇ ਅਸਾਈਨਮੈਂਟਸ ਪੂਰੇ ਕਰਨ ਲਈ ਸਮਾਂ ਸੀਮਾਵਾਂ ਨੂੰ ਵਧਾਏਗਾ
- ਮੌਖਿਕ ਪਰੀਖਿਆਵਾਂ ਅਤੇ/ਜਾਂ ਪਰੀਖਿਆ ਲਈ ਇੱਕ ਸ਼ਾਂਤ ਸਥਾਨ ਮੁਹੱਈਆ ਕਰਾਏਗਾ
- ਕਲਾਸ ਅਸਾਈਨਮੈਂਟਸ ਤੇ, ਉਸਦੇ ਪੜ੍ਹਾਈ ਦੇ ਪੱਧਰ ਦੇ ਅਨੁਕੂਲ ਬਣਾਏ ਹੋਏ, ਮੌਖਿਕ ਅਤੇ ਪ੍ਰਿੰਟ ਦੋਵੇਂ ਨਿਰਦੇਸ਼ਨ ਮੁਹੱਈਆ ਕਰਾਏਗਾ
- ਮਾਤਾ-ਪਿਤਾ ਨਾਲ ਪਹਿਲਾਂ ਦੇਖਣ ਲਈ ਸਕੂਲ ਅਸਾਈਨਮੈਂਟਸ ਨੂੰ ਘਰ ਭੇਜੇਗਾ
- ਮਾਤਾ-ਪਿਤਾ ਨਾਲ ਪਹਿਲਾਂ ਦੇਖਣ ਲਈ ਸ਼ਬਦ-ਕੋਸ਼ ਦੇ ਸ਼ਬਦ ਘਰ ਭੇਜੇਗਾ

ਅਧਿਆਪਨ ਸਹਾਇਕ ਇਹ ਕਰੇਗਾ

- ਨਾਵਾਕਫ਼ ਸ਼ਬਦਾਂ ਦੀ ਆਵਾਜ਼ ਕੱਢਣ ਅਤੇ ਰਲਾਵਟ ਵਿੱਚ ਸਿੱਧੇ ਨਿਰਦੇਸ਼ ਮੁਹੱਈਆ ਕਰੇਗਾ
- ਮਾਰਕ ਦੀ ਪੜ੍ਹਾਈ ਸੰਬੰਧੀ ਪ੍ਰਗਤੀ ਅਤੇ ਸਫ਼ਲਤਾਵਾਂ ਨੂੰ ਦਰਸਾਉਣ ਲਈ, ਉਸ ਨਾਲ, ਇੱਕ ਰੋਜ਼ਾਨਾ ਦੀ ਲਾਗ ਬੁਕ ਕਾਇਮ ਰੱਖੇਗਾ

**ਟੀਚਾ ਮੁਲਾਂਕਣ ਅਤੇ ਨਿਰਧਾਰਨ**

- ਮਾਰਕ ਪ੍ਰਗਤੀਵਾਦੀ ਪੜ੍ਹਾਈ ਦੇ ਪੱਧਰਾਂ ਤੇ ਹਰੇਕ ਹਫਤੇ ਤਿੰਨ ਕਿਤਾਬਾਂ ਚੁਣੇਗਾ ਅਤੇ ਪੜ੍ਹੇਗਾ
- ਮਾਰਕ ਦੇ ਗ੍ਰੇਡ ਅਗਲੀ ਰਿਪੋਰਟਿੰਗ ਮਿਆਦ ਵਿੱਚ ਸਮੁੱਚੇ ਤੌਰ ਤੇ ਬਿਹਤਰ ਹੋਣਗੇ।
- ਅਧਿਆਪਕ ਮਾਰਕ ਅਤੇ ਉਸਦੇ ਮਾਤਾ-ਪਿਤਾ ਨੂੰ ਉਸਦੀ ਰੋਜ਼ਾਨਾ ਦੀ ਲਾਗ ਬੁਕ ਦੀ ਸਮੀਖਿਆ ਕਰਨ ਲਈ ਮਹੀਨੇ ਵਿੱਚ ਇੱਕ ਵਾਰ ਮਿਲੇਗਾ।

ਤਿੰਨ ਮਹੀਨਿਆਂ ਦੇ ਅੰਦਰ ਅਧਿਆਪਕ, ਰਿਸੋਰਸ ਟੀਚਰ ਅਤੇ ਮਾਰਕ ਦੇ ਮਾਤਾ-ਪਿਤਾ ਵੱਲੋਂ ਇਸ ਟੀਚੇ ਦੀ ਸਮੀਖਿਆ ਕੀਤੀ ਜਾਏਗੀ।

**ਨੋਟਸ**

- ਕਿਉਂਕਿ ਮਾਰਕ ਇੱਕ ਦਾਰਸ਼ਿਕ ਵਿਦਿਆਰਥੀ ਹੈ, ਇਸ ਲਈ ਉਸਨੂੰ ਜਾਣਕਾਰੀ ਲਿਖਤ ਵਿੱਚ ਦਿੱਤੀ ਜਾਏਗੀ।
- ਇਹ ਯਕੀਨੀ ਬਣਾਉਣ ਲਈ ਕਿ ਉਸਦਾ ਪੜ੍ਹਾਈ ਦਾ ਨੀਵਾਂ ਪੱਧਰ ਪਰੀਖਿਆ ਨਤੀਜਿਆਂ ਵਿੱਚ ਵਿਘਨ ਨਹੀਂ ਪਾਏਗਾ, ਮਾਰਕ ਦਾ ਮੁਲਾਂਕਣ ਕਲਾਸ ਨੂੰ ਪੜ੍ਹਾਈਆਂ ਗਈਆਂ ਧਾਰਨਾਵਾਂ ਦੀ ਉਸਦੀ ਸਮਝ ਤੇ ਮੌਖਿਕ ਰੂਪ ਨਾਲ ਕੀਤਾ ਜਾਏਗਾ।
- ਮਾਰਕ ਨੂੰ ਸਿੱਖਣ ਲਈ ਪ੍ਰੇਰਿਤ ਕੀਤੇ ਜਾਣ ਲਈ ਸਫਲਤਾ ਦਾ ਅਨੁਭਵ ਕਰਨ ਦੀ ਲੋੜ ਹੈ। ਇੱਕ ਲਾਗ-ਬੁਕ ਰੱਖਣ ਨਾਲ ਉਸਨੂੰ ਆਪਣੀ ਪ੍ਰਗਤੀ ਦੇਖਣ ਵਿੱਚ ਸਹਾਇਤਾ ਮਿਲੇਗੀ।
- ਮਾਰਕ ਦੀਆਂ ਰੁਚੀਆਂ ਅਤੇ ਸਮਰੱਥਾਵਾਂ ਉਸਨੂੰ ਸਿੱਖਣ ਦੀ ਪ੍ਰੇਰਨਾ ਦਿੰਦੀਆਂ ਹਨ।
- ਸੰਭਾਵਿਤ ਰੂਪ ਨਾਲ ਇਸ ਟੀਚੇ ਵਿੱਚ, ਹੋਰ ਲੋਕਾਂ, ਜਿਵੇਂ ਕਿ ਰਿਸੋਰਸ ਟੀਚਰ ਦੀਆਂ ਭੂਮਿਕਾਵਾਂ ਹੋ ਸਕਦੀਆਂ ਹਨ।

# ਬਦਲੀਆਂ

ਇੱਕ ਨਵੇਂ ਵਾਤਾਵਰਨ - ਇੱਕ ਨਵੇਂ ਕਾਰਜਕ੍ਰਮ, ਨਵੇਂ ਅਧਿਆਪਕ, ਨਵੇਂ ਕਲਾਸਰੂਮ, ਨਵੇਂ ਸਕੂਲ - ਵਿੱਚ ਬਦਲੀ ਕਿਸੇ ਵੀ ਬੱਚੇ ਲਈ ਮੁਸ਼ਕਿਲ ਹੋ ਸਕਦੀ ਹੈ, ਪਰੰਤੂ ਖਾਸ ਲੋੜਾਂ ਵਾਲੇ ਬੱਚਿਆਂ ਨੂੰ ਸਮੱਸਿਆਵਾਂ ਹੋਣ ਦੀ ਵੱਧ ਸੰਭਾਵਨਾ ਹੁੰਦੀ ਹੈ। ਸ਼ੋਧ ਸਪਸ਼ਟ ਰੂਪ ਨਾਲ ਦਰਸਾਉਂਦੇ ਹਨ ਕਿ ਲੰਮੀ-ਮਿਆਦ ਦੀ ਤਿਆਰੀ ਬਹੁਤ ਜ਼ਿਆਦਾ ਲਾਜ਼ਮੀ ਹੈ ਅਤੇ ਇਹ ਕਿ ਬਦਲੀ ਵਿੱਚ ਸਾਡੀ ਭਾਗੀਦਾਰੀ ਇਸਦੀ ਸਫਲਤਾ ਦਾ ਹੱਲ ਹੈ।

ਇੱਕ  ਆਈ.ਈ.ਪੀ. ਮੀਟਿੰਗ ਇਹਨਾਂ ਬਦਲੀਆਂ ਨੂੰ ਸੌਖਾ ਕਰਨ ਲਈ ਬੱਚਿਆਂ ਅਤੇ ਸਕੂਲ ਸਟਾਫ ਨਾਲ ਯੋਜਨਾ ਬਣਾਉਣ ਲਈ ਤਰਕਸਿੱਧ ਅਤੇ ਵਿਹਾਰਕ ਸਥਾਨ ਹੈ। ਸਿਧਾਂਤਕ ਤੌਰ ਤੇ, ਜਦੋਂ ਬਦਲੀ ਅਰੰਭਿਕ ਅਤੇ ਮਿਡਲ ਜਾਂ ਸੈਕੰਡਰੀ ਸਕੂਲ ਵਿਚਕਾਰ ਹੁੰਦੀ ਹੈ, ਤਾਂ ਦੋਵੇਂ ਸਕੂਲਾਂ ਦੇ ਸਟਾਫ ਨੂੰ ਸ਼ਾਮਲ ਕੀਤਾ ਜਾਏਗਾ।

ਕਿਸੇ ਬਦਲੀ ਨਾਲ ਕੁਝ ਕਾਰਕ ਬਦਲ ਸਕਦੇ ਹਨ:

- ਇੱਕ ਨਵਾਂ ਜਾਂ ਨਵੇਂ ਅਧਿਆਪਕ, ਜਾਂ ਇੱਕ ਅਧਿਆਪਕ ਤੋਂ ਕਈ ਅਧਿਆਪਕਾਂ ਤੱਕ, ਸਭ ਦਾ ਇੱਕ ਵੱਖਰਾ ਪੜ੍ਹਾਉਣ ਦਾ ਢੰਗ
- ਨਵੇਂ ਰਿਸੋਰਸ ਟੀਚਰ ਅਤੇ ਦੂਜਾ ਸਟਾਫ
- ਦੋਸਤ ਅਤੇ ਸਹਿਪਾਠੀ
- ਕਲਾਸਰੂਮ ਅਤੇ ਦੂਜੇ ਸਥਾਨ
- ਵਿਦਿਆਰਥੀ ਦੇ ਰਵੱਈਏ ਲਈ ਨਿਯਮ ਅਤੇ ਆਸਾਂ
- ਸਕੂਲ ਡੇ ਦੇ ਕਾਰਜਕ੍ਰਮ ਅਤੇ ਸੰਗਠਨ

ਇਹ ਸਾਰੇ ਕਾਰਕ ਅਤੇ ਹੋਰਾਂ ਬਾਰੇ ਆਈ.ਈ.ਪੀ. ਯੋਜਨਾਬੰਦੀ ਵਿੱਚ ਵਿਚਾਰ ਕੀਤਾ ਜਾਣਾ ਲਾਜ਼ਮੀ ਹੈ। ਅਸੀਂ ਆਪਣੇ ਬੱਚਿਆਂ ਨੂੰ ਜਾਣਦੇ ਹਾਂ ਅਤੇ ਸਾਡੇ ਕੋਲ ਉਹਨਾਂ ਦੇ ਡਰ ਅਤੇ ਉਹਨਾਂ ਦੇ ਸਾਮ੍ਹਣੇ ਆਉਣ ਵਾਲੀਆਂ ਚੁਣੌਤੀਆਂ ਬਾਰੇ ਸਕੂਲ ਨਾਲ ਸਾਂਝਾ ਕਰਨ ਲਈ ਮੂਲ ਜਾਣਕਾਰੀ ਹੁੰਦੀ ਹੈ। ਜਿੰਨਾ ਜ਼ਿਆਦਾ ਅਸੀਂ ਆਪਣੇ ਬੱਚੇ ਨੂੰ ਤਿਆਰ ਕਰਦੇ ਹਾਂ, ਅਤੇ ਅਸੀਂ ਜਿੰਨਾ ਜ਼ਿਆਦਾ ਇਹ ਯਕੀਨੀ ਬਣਾਉਂਦੇ ਹਾਂ ਕਿ ਇਹਨਾਂ ਵਿੱਚੋਂ ਹਰੇਕ ਕਾਰਕ ਤੇ ਵਿਚਾਰ ਕੀਤਾ ਜਾਂਦਾ ਹੈ, ਓਨੀ ਬਿਹਤਰ ਬਦਲੀ ਹੋਵੇਗੀ।

ਬਦਲੀ ਸੰਬੰਧੀ ਮਿਆਦਾਂ ਵਿਕਾਸ ਦੇ ਵੀ ਮੌਕੇ ਹਨ, ਜੇਕਰ ਬੱਚਿਆਂ ਨੇ ਮੁਹਾਰਤਾਂ ਤੇ ਪੂਰਾ ਉੱਤਰਨਾ ਸਿੱਖ ਲਿਆ ਹੈ ਅਤੇ ਉਹਨਾਂ ਨੂੰ ਆਪਣੇ ਨਵੇਂ ਵਾਤਾਵਰਨ ਨੂੰ ਸਮਝਣ ਅਤੇ ਆਪਣੇ ਅਨੁਕੂਲ ਬਣਾਉਣ ਦਾ ਮੌਕਾ ਮਿਲਦਾ ਹੈ। ਸਿਧਾਂਤਕ ਤੌਰ ਤੇ, ਇੱਕ ਬਦਲੀ ਟੀਮ ਵਿੱਚ ਸਕੂਲ ਸਲਾਹਕਾਰ, ਅਧਿਆਪਕ, ਪ੍ਰਬੰਧਕ, ਮਾਤਾ-ਪਿਤਾ ਅਤੇ ਵਿਦਿਆਰਥੀ ਹੁੰਦੇ ਹਨ। ਉਹ ਵਿਦਿਆਰਥੀਆਂ ਦੀਆਂ ਚਿੰਤਾਵਾਂ ਨੂੰ ਮਾਨਤਾ ਦੇ ਕੇ ਅਤੇ ਨਵੇਂ ਵਾਤਾਵਰਨ ਨਾਲ ਸੰਬੰਧਿਤ ਹੋਣ ਦੀ ਇੱਕ ਭਾਵਨਾ ਉਤਪੰਨ ਕਰਕੇ ਵਿਦਿਆਰਥੀ ਬਦਲੀਆਂ ਨੂੰ ਸਹਿਯੋਗ ਦਿੰਦੇ ਹਨ, ਯੋਜਨਾ ਬਣਾਉਂਦੇ ਹਨ ਅਤੇ ਸਮਰਥਨ ਕਰਦੇ ਹਨ।.

—ਲੀਹ ਡੇਵੀਜ, M.Ed., *ਬੱਚਿਆਂ ਨੂੰ ਸਕੂਲ ਬਦਲੀਆਂ ਦਾ ਸਾਮ੍ਹਣਾ ਕਰਨ ਵਿੱਚ ਸਹਾਇਤਾ ਕਰਨਾ*
(Leah Davies, M.Ed., *Helping Children Cope with School Transitions*)

# ਇੱਕ ਬਦਲੀ ਕਰਨ ਤੇ ਨਮੂਨਾ ਆਈ.ਈ.ਪੀ. ਟੀਚਾ

*ਸਾਰਾ ਵਿਕਾਸਾਤਮਕ ਅਸਮਰੱਥਾ ਵਾਲੀ ਗ੍ਰੇਡ 7 ਦੀ ਇੱਕ ਵਿਦਿਆਰਥਣ ਹੈ, ਜੋ ਆਪਣੇ ਗਵਾਂਢ ਦੇ ਸਕੂਲ ਵਿੱਚ ਜਾਂਦੀ ਹੈ। ਉਹ ਸੰਗੀਤ ਅਤੇ ਕਲਾ ਦਾ ਅਨੰਦ ਮਾਣਦੀ ਹੈ ਅਤੇ ਉਦੋਂ ਚੰਗੀ ਤਰ੍ਹਾਂ ਸਿੱਖਦੀ ਹੈ, ਜਦੋਂ ਜਾਣਕਾਰੀ ਮੌਖਿਕ ਤੌਰ ਤੇ ਪ੍ਰਦਰਸ਼ਿਤ ਕੀਤੀ ਜਾਂਦੀ ਹੈ। ਸਕੂਲ ਵਿੱਚ ਉਸਦੇ ਬਹੁਤ ਸਾਰੇ ਦੋਸਤ ਹਨ। ਉਸਦੀ ਗੱਲ ਨੂੰ ਸਮਝਣਾ ਮੁਸ਼ਕਿਲ ਹੋ ਸਕਦਾ ਹੈ, ਪਰੰਤੂ ਉਸਦੇ ਸਹਿਪਾਠੀ ਉਸਨੂੰ ਸਮਝ ਸਕਦੇ ਹਨ। ਗਣਿਤ ਅਤੇ ਭਾਸ਼ਾ ਕਲਾਵਾਂ ਵਿੱਚ, ਸਾਰਾ ਇੱਕ ਗ੍ਰੇਡ 3 ਪੱਧਰ ਤੇ ਕੰਮ ਕਰ ਰਹੀ ਹੈ। ਉਹ ਸੈਕੰਡਰੀ ਸਕੂਲ ਜਾਣ ਲਈ ਉਤਸ਼ਾਹਿਤ ਹੈ ਪਰੰਤੂ ਆਪਣੇ ਦੋਸਤਾਂ ਦੇ ਉੱਥੇ ਰਹਿਣ ਦੇ ਪ੍ਰਤੀ ਚਿੰਤਿਤ ਹੈ।*

**ਟੀਚਾ: ਸੈਕੰਡਰੀ ਸਕੂਲ ਵਿੱਚ ਬਦਲੀ ਕਰਨ ਵਿੱਚ ਸਾਰਾ ਦੀ ਸਹਾਇਤਾ ਕਰਨਾ**

**ਕਾਰਜਨੀਤੀਆਂ**

ਗ੍ਰੇਡ 7 ਅਧਿਆਪਕ ਇਹ ਕਰੇਗਾ

- ਸੈਕੰਡਰੀ ਸਕੂਲ ਦੇ ਰਿਸੋਰਸ ਟੀਚਰ ਨਾਲ ਵਾਧੂ ਬਦਲੀ ਮੁਲਾਕਾਤਾਂ ਦਾ ਪ੍ਰਬੰਧ ਕਰੇਗਾ
- ਸਾਰਾ ਦੇ ਮਾਤਾ-ਪਿਤਾ ਨੂੰ ਸੈਕੰਡਰੀ ਸਕੂਲ ਵਿੱਚ ਸਕੂਲ ਤੋਂ ਬਾਅਦ ਦੀਆਂ ਖੇਡ ਗਤੀਵਿਧੀਆਂ ਦੀ ਇੱਕ ਸੂਚੀ ਦੇਵੇਗਾ, ਜਿਹਨਾਂ ਵਿੱਚ ਉਹ ਸ਼ਾਮਲ ਹੋਣਾ ਚਾਹ ਸਕਦੇ ਹਨ
- ਸਾਰਾ ਨੂੰ ਬਦਲੀ ਨਾਲ ਸਹਾਇਤਾ ਕਰਨ ਲਈ ਦੋ ਵਿਦਿਆਰਥੀਆਂ ਦੀ ਪਛਾਣ ਕਰੇਗਾ। ਉਹ ਹਫ਼ਤਾਵਾਰ ਆਧਾਰ ਤੇ ਸੈਕੰਡਰੀ ਸਕੂਲ ਵਿੱਚ ਲੰਚ ਵਿੱਚ ਉਸਦਾ ਸਾਥ ਦੇਣਾ ਚਾਹ ਸਕਦੇ ਹਨ।
- ਸਾਰਾ ਦੀ ਖੁਦ ਦੇ ਬਾਰੇ ਇੱਕ ਪੰਜ-ਮਿੰਟ ਦਾ ਪਰਿਚੈ ਤਿਆਰ ਕਰਨ ਵਿੱਚ ਸਹਾਇਤਾ ਕਰੇਗਾ। ਸਾਰਾ ਇਹ ਪਰਿਚੈ ਸੈਕੰਡਰੀ ਸਕੂਲ ਸਟਾਫ ਨੂੰ ਦੇਵੇਗੀ।

ਅਧਿਆਪਨ ਸਹਾਇਕ ਇਹ ਕਰੇਗਾ

- ਸੈਕੰਡਰੀ ਸਕੂਲ ਮੁਲਾਕਾਤਾਂ ਵਿੱਚ ਸਾਰਾ ਦਾ ਸਾਥ ਦੇਵੇਗਾ
- ਢੁੱਕਵੀਆਂ ਕਾਰਜਨੀਤੀਆਂ ਦਾ ਸਾਰਾ ਨਾਲ ਵਰਤਾਓ ਕਰਨ ਤੇ ਸੈਕੰਡਰੀ ਸਕੂਲ ਸਹਾਇਤਾ ਨਾਲ ਤਾਲਮੇਲ ਕਰੇਗਾ
- ਸਾਰਾ ਨੂੰ ਆਰਟ ਰੂਮ ਅਤੇ ਮਿਊਜਕ ਰੂਮ ਦਿਖਾਏਗਾ, ਅਤੇ ਉਹਨਾਂ ਅਧਿਆਪਕਾਂ ਨਾਲ ਉਸਦੀ ਜਾਣ-ਪਛਾਣ ਕਰਾਏਗਾ

**ਟੀਚਾ ਮੁਲਾਂਕਣ ਅਤੇ ਨਿਰਧਾਰਨ**

ਸਾਰਾ ਇਹ ਕਰੇਗੀ

- ਆਪਣੇ ਨਿਸ਼ਚੇਆਤਮਿਕ ਅਨੁਭਵਾਂ ਤੇ ਗ੍ਰੇਡ 7 ਦੇ ਅਧਿਆਪਕ ਅਤੇ ਆਪਣੇ ਮਾਤਾ-ਪਿਤਾ ਨੂੰ ਹਰੇਕ ਦੋ ਹਫ਼ਤਿਆਂ ਵਿੱਚ ਰਿਪੋਰਟ ਕਰੇਗੀ
- ਸੈਕੰਡਰੀ ਸਕੂਲ ਵਿੱਚ ਆਪਣਾ ਸਥਾਨ ਲੱਭਣ ਦੇ ਯੋਗ ਹੋਵੇਗੀ
- ਦੋ ਮਹੀਨਿਆਂ ਦੇ ਅੰਦਰ ਸੈਕੰਡਰੀ ਸਟਾਫ ਨੂੰ ਇਕ ਪਰਿਚੈ ਦੇਵੇਗੀ
- ਆਪਣੇ ਮਾਤਾ-ਪਿਤਾ ਨਾਲ, ਇੱਕ ਮਹੀਨੇ ਦੇ ਅੰਦਰ ਸੈਕੰਡਰੀ ਸਕੂਲ ਰਿਸੋਰਸ ਟੀਚਰ ਨਾਲ ਮਿਲੇਗੀ ਅਤੇ ਅੱਗੇ ਦੀਆਂ ਮੀਟਿੰਗਾਂ ਦਾ ਪ੍ਰਬੰਧ ਕੀਤਾ ਜਾਏਗਾ

ਇਸ ਟੀਚੇ ਦੀ ਸਮੀਖਿਆ ਤਿੰਨ ਮਹੀਨਿਆਂ ਵਿੱਚ ਕੀਤੀ ਜਾਏਗੀ।

**ਨੋਟਸ**

– ਸਾਰਾ ਸੈਕੰਡਰੀ ਸਕੂਲ ਦੇ ਅਨੇਕ ਪੱਖਾਂ ਨਾਲ ਜਿੰਨੀ ਜ਼ਿਆਦਾ ਜਾਣੂ ਹੋਵੇਗੀ, ਉਹ ਓਨੀ ਜ਼ਿਆਦਾ ਸਹਿਜ ਹੋਵੇਗੀ।

– ਆਰਟ ਅਤੇ ਮਿਊਜਕ ਰੂਮ ਵਿੱਚ ਜਾਣਾ ਬਦਲੀ ਵਿੱਚ ਸਹਾਇਤਾ ਕਰਨ ਲਈ ਸਾਰਾ ਦੀਆਂ ਰੁਚੀਆਂ ਦਾ ਵਰਤਾਓ ਕਰਨ ਦਾ ਇੱਕ ਤਰੀਕਾ ਹੈ।

– ਨਿਯਮਬੱਧ ਰੂਪ ਨਾਲ ਨਿਯਤ ਮੀਟਿੰਗਾਂ ਵਿੱਚ ਸਮੇਂ ਤੋਂ ਪਹਿਲਾਂ ਉਸਦੀ ਵਿਆਕੁਲਤਾ ਨੂੰ ਸਾਂਝਾ ਕਰਨ ਨਾਲ ਉਸਨੂੰ ਉਸਦੇ ਮਾਤਾ-ਪਿਤਾ ਅਤੇ ਅਧਿਆਪਕਾਂ ਨੂੰ ਉਹਨਾਂ ਤਰੀਕਿਆਂ ਵਿੱਚ ਸਹਾਇਤਾ ਕਰੇਗਾ ਜਿਹਨਾਂ ਨਾਲ ਉਹ ਸਾਰਾ ਨੂੰ ਇੱਕ ਸਰਲ ਬਦਲੀ ਕਰਨ ਵਿੱਚ ਸਹਾਇਤਾ ਕਰ ਸਕਦੇ ਹਨ।

– ਇਹ ਲਾਜ਼ਮੀ ਹੈ ਕਿ ਸਾਰਾ ਦੇ ਦੋਸਤਾਂ ਨਾਲ ਉਸਦੇ ਸੰਬੰਧ ਸੈਕੰਡਰੀ ਸਕੂਲ ਵਿੱਚ ਵੀ ਜਾਰੀ ਰਹਿਣ। ਉਸਦੀਆਂ ਮੁਲਾਕਾਤਾਂ ਵਿੱਚ ਹੋਰਾਂ ਵਿਦਿਆਰਥੀਆਂ ਨੂੰ ਸ਼ਾਮਲ ਕਰਨ ਨਾਲ ਉਸਨੂੰ ਉਸ ਬਦਲੀ ਨੂੰ ਵੱਧ ਸੌਖਾ ਬਣਾਉਣ ਵਿੱਚ ਸਹਾਇਤਾ ਮਿਲੇਗੀ।

– ਸਾਰਾ ਨੂੰ ਖੁਦ ਦੇ ਬਾਰੇ ਇੱਕ ਪਰਿਚੈ ਤਿਆਰ ਕਰਵਾਉਣ ਨਾਲ ਉਸਦੀਆਂ ਸਵੈ-ਸਮਰਥਨ ਦੀਆਂ ਮੁਹਾਰਤਾਂ ਵਿਕਸਿਤ ਕਰਨ ਵਿੱਚ ਸਹਾਇਤਾ ਮਿਲੇਗੀ ਅਤੇ ਉਸਦੇ ਸਿੱਖਣ ਦੇ ਸ਼ਰਵਣਾਤਮਿਕ ਢੰਗ ਦਾ ਵਰਤਾਓ ਹੋਵੇਗਾ।

# ਇੱਕ ਆਈ.ਈ.ਪੀ. ਵਿੱਚ ਅਨੁਕੂਲਨ

ਆਈ.ਈ.ਪੀ. ਵਿੱਚ ਵਿਦਿਆਰਥੀ ਦੀਆਂ ਸਿੱਖਣ ਦੀਆਂ ਖਾਸ ਲੋੜਾਂ ਦੀ ਵਿਵਸਥਾ ਕਰਨ ਲਈ ਅਨੁਕੂਲਨ ਜਾਂ ਸੰਸ਼ੋਧਨ ਸ਼ਾਮਲ ਕੀਤੇ ਜਾ ਸਕਦੇ ਹਨ। ਸਿੱਖਿਆ ਮੰਤਰਾਲੇ ਨੇ ਨਿਰਨਾ ਦਿੱਤਾ ਹੈ ਕਿ ਅਨੁਕੂਲਨ ਜਾਂ ਸੰਸ਼ੋਧਨ ਸਮੇਤ, ਕਿਸੇ ਪ੍ਰੋਗਰਾਮ, ਜਾਂ ਕਿਸੇ ਪ੍ਰੋਗਰਾਮ ਦੇ ਭਾਗ ਤੇ ਰਸਮੀ ਚਰਚਾਵਾਂ ਦੀ ਗ੍ਰੇਡ 10 ਤੱਕ ਕੋਈ ਲੋੜ ਨਹੀਂ ਹੈ।[1]

**ਅਨੁਕੂਲਨ ਇਹਨਾਂ ਵਿੱਚ ਬਦਲਾਵ ਕਰਨ ਲਈ ਹੁੰਦੇ ਹਨ**

- ਕਿਸੇ ਵਿਦਿਆਰਥੀ ਨੂੰ ਪੜ੍ਹਾਉਣ ਲਈ ਵਰਤੀਆਂ ਜਾਣ ਵਾਲੀਆਂ ਕਾਰਜਨੀਤੀਆਂ
- ਵਿਦਿਆਰਥੀ ਲਈ ਉਪਲਬਧ ਸਮੱਗਰੀਆਂ
- ਉਸਦੀ ਪੜ੍ਹਾਈ ਦਾ ਮੁਲਾਂਕਣ ਕਰਨ ਲਈ ਵਰਤੇ ਜਾਣ ਵਾਲੇ ਮੁਲਾਂਕਣ ਟੂਲ

ਅਨੁਕੂਲਨ ਇਹ ਯਕੀਨੀ ਕਰਨ ਲਈ ਕੀਤੇ ਜਾਂਦੇ ਹਨ ਕਿ ਵਿਦਿਆਰਥੀ ਪਾਠਕ੍ਰਮ ਦੇ ਪੜ੍ਹਾਈ ਨਤੀਜੇ ਪ੍ਰਾਪਤ ਕਰਨ ਯੋਗ ਹੈ।

ਉਦਾਹਰਨ ਲਈ, ਜੋ ਵਿਦਿਆਰਥੀ ਨੇਤਰਹੀਣ ਹੈ ਜਾਂ ਅੰਸ਼ਕ ਦ੍ਰਿਸ਼ਟੀ ਵਾਲਾ ਹੈ ਤਾਂ ਉਸਦੀ ਸਫਲਤਾ ਦਾ ਇੱਕ ਬਿਹਤਰ ਮੌਕਾ ਹੋ ਸਕਦਾ ਹੈ, ਜੇਕਰ ਉਸ ਕੋਲ ਕੋਈ ਵਿਅਕਤੀ ਹੋਵੇ, ਜੋ ਉਸ ਵਿਸ਼ੇ ਦੀ ਸਮੱਗਰੀ ਨੂੰ ਉੱਚੀ ਬੋਲ ਕੇ ਪੜ੍ਹੇ ਜਾਂ ਉਹ ਕਿਸੇ ਬ੍ਰੇਲ ਰੀਡਰ ਦੀ ਵਰਤੋਂ ਕਰ ਸਕਦਾ ਹੋਵੇ। ਹੋਰ ਆਮ ਅਨੁਕੂਲਨਾਂ ਵਿੱਚ ਸ਼ਾਮਲ ਹਨ

- ਲਿਖਤ ਵਿੱਚ ਪਰੀਖਿਆ ਲੈਣ ਦੀ ਬਜਾਏ ਮੌਖਿਕ ਰੂਪ ਵਿੱਚ ਪਰੀਖਿਆ ਲੈਣਾ
- ਅਸਾਈਨਮੈਂਟਸ ਨੂੰ ਪੂਰਾ ਕਰਨ ਲਈ ਵਾਧੂ ਸਮਾਂ ਹੋਣਾ
- ਸ਼ਬਦ ਦੀ ਪੂਰਵ ਸੂਚਨਾ ਜਾਂ ਸਪੈਲਿੰਗ ਚੈਕ ਕਰਨ ਵਾਲੇ ਕੰਪਿਊਟਰ ਦੀ ਵਰਤੋਂ ਕਰਨਾ
- ਇੱਕ ਹੇਠਲੇ ਗ੍ਰੇਡ ਪੱਧਰ ਦੇ ਪੜ੍ਹਾਈ ਨਤੀਜਿਆਂ ਤੇ ਕੰਮ ਕਰਨਾ

ਅਜਿਹੇ ਅਨੁਕੂਲਨ ਵਿਸ਼ੇਸ਼ ਪਾਠਕ੍ਰਮਾਂ ਲਈ ਕੀਤੇ ਜਾ ਸਕਦੇ ਹਨ; ਵਿਦਿਆਰਥੀ ਨੂੰ ਉਹਨਾਂ ਦੀ ਲੋੜ ਨਹੀਂ ਵੀ ਹੋ ਸਕਦੀ ਜਾਂ ਸਾਰੇ ਪਾਠਕ੍ਰਮਾਂ ਲਈ ਉਹਨਾਂ ਦੀ ਲਗਾਤਾਰ ਲੋੜ ਹੋ ਸਕਦੀ ਹੈ। ਜਾਂ ਉਸਨੂੰ ਸਾਰੇ ਪਾਠਕ੍ਰਮਾਂ ਲਈ ਇੱਕ ਹੇਠਲੇ ਪੱਧਰ ਤੇ ਪੜ੍ਹਾਈ ਸਮੱਗਰੀਆਂ ਲੈਣ ਦੀ ਲੋੜ ਹੋ ਸਕਦੀ ਹੈ ਅਤੇ ਉਹ ਤਦ ਵੀ ਕਿਸੇ ਵਿਸ਼ੇ ਦੇ ਪੜ੍ਹਾਈ ਨਤੀਜਿਆਂ ਨੂੰ ਪੂਰਾ ਕਰਨ ਦੇ ਯੋਗ ਹੋ ਸਕਦਾ ਹੈ।

ਇਹਨਾਂ ਸਾਰੀਆਂ ਸਥਿਤੀਆਂ ਵਿੱਚ, ਵਿਦਿਆਰਥੀ ਦੂਜੇ ਵਿਦਿਆਰਥੀਆਂ ਵਾਂਗ ਹੀ ਉਸੇ ਸਮੇਂ ਰਿਪੋਰਟ ਕਾਰਡ ਪ੍ਰਾਪਤ ਕਰਨਗੇ। ਉਸਦਾ ਰਿਪੋਰਟ ਕਾਰਡ ਇਹ ਪ੍ਰਤੀਬਿੰਬਤ ਕਰੇਗਾ ਕਿ ਉਹ ਪਾਠਕ੍ਰਮ ਪੜ੍ਹਾਈ ਨਤੀਜਿਆਂ ਨੂੰ ਪੂਰਾ ਕਰਦਾ ਹੈ ਜਾਂ ਨਹੀਂ। (ਇਸਤੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਪੰਨਾ 14 ਤੇ "ਸਾਡੇ ਬੱਚੇ ਦੀ ਪ੍ਰਗਤੀ ਦੀ ਰਿਪੋਰਟਿੰਗ" ਦੇਖੋ।)

ਸੂਬਾਈ ਪਰੀਖਿਆਵਾਂ ਵਿੱਚ ਅਨੁਕੂਲਨਾਂ ਤੇ ਵਧੇਰੇ ਜਾਣਕਾਰੀ ਲਈ, http://www.bced.gov.bc.ca/exams/adjudication/ "ਸੂਬਾਈ ਪਰੀਖਿਆਵਾਂ—ਅਦਾਲਤੀ ਹੁਕਮ" ("Provincial Examinations—Adjudication") ਤੇ ਸਿੱਖਿਆ ਮੰਤਰਾਲੇ ਦੀ ਵੈਬਸਾਈਟ ਦੇਖੋ, ਅਤੇ ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰੋ।

ਜਿਸ ਵਿਦਿਆਰਥੀ ਦੇ ਪ੍ਰੋਗਰਾਮ ਵਿੱਚ ਅਨੁਕੂਲਨ ਸ਼ਾਮਲ ਹੁੰਦੇ ਹਨ, ਉਹ ਆਮ ਤੌਰ 'ਤੇ ਗ੍ਰੇਜੁਏਸ਼ਨ ਤੇ ਇੱਕ ਡੌਗਵੁਡ ਡਿਪਲੋਮਾ (Dogwood Diploma) ਪ੍ਰਾਪਤ ਕਰਨ ਲਈ ਯੋਗ ਹੋਣਗੇ।

[1] ਸਿੱਖਿਆ ਮੰਤਰਾਲੇ ਦੀ *ਅਨੁਕੂਲਨਾਂ ਅਤੇ ਸੰਸ਼ੋਧਨਾਂ ਦੀ ਇੱਕ ਗਾਈਡ (A Guide to Adaptations and Modifications)* ਦੇਖੋ।

ਹਰ ਇੱਕ ਵਿਅਕਤੀ ਵਿੱਚ ਸਮਰੱਥਾਵਾਂ, ਯੋਗਤਾਵਾਂ ਅਤੇ ਸੁਗਾਤਾਂ ਹੁੰਦੀਆਂ ਹਨ। ਇੱਕ ਚੰਗਾ ਜੀਵਨ ਜੀਣਾ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਉਹਨਾਂ ਸਮਰੱਥਾਵਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਜਾਂ ਨਹੀਂ, ਯੋਗਤਾਵਾਂ ਦਰਸਾਈਆਂ ਜਾ ਸਕਦੀਆਂ ਹਨ ਜਾਂ ਨਹੀਂ ਅਤੇ ਸੁਗਾਤਾਂ ਦਿੱਤੀਆਂ ਜਾ ਸਕਦੀਆਂ ਹਨ ਜਾਂ ਨਹੀਂ। ਜੇਕਰ ਅਜਿਹਾ ਹੁੰਦਾ ਹੈ, ਤਾਂ ਵਿਅਕਤੀ ਬਹੁਮੁੱਲਾ ਹੋਵੇਗਾ, ਖੁਦ ਨੂੰ ਪ੍ਰਭਾਵਸ਼ਾਲੀ ਅਤੇ ਆਪਣੇ ਆਸਪਾਸ ਦੇ ਲੋਕਾਂ ਨਾਲ ਚੰਗੀ ਤਰ੍ਹਾਂ ਜੁੜਿਆ ਹੋਇਆ ਮਹਿਸੂਸ ਕਰੇਗਾ। ਨਾਲ ਹੀ ਉਸ ਵਿਅਕਤੀ ਦੇ ਯੋਗਦਾਨ ਦੇ ਕਾਰਨ ਆਸਪਾਸ ਦਾ ਭਾਈਚਾਰਾ ਵੱਧ ਪ੍ਰਭਾਵਸ਼ਾਲੀ ਹੋਵੇਗਾ।.

—ਜੌਨ P. ਕ੍ਰੇਟਜ਼ਮੈਨ ਅਤੇ ਜੌਨ L. ਮੈਕਨਾਈਟ (John P. Kretzmann and John L. McKnight)

# ਇੱਕ ਆਈ.ਈ.ਪੀ. ਵਿੱਚ ਸੰਸ਼ੋਧਨ

ਪੜ੍ਹਾਈ ਨਤੀਜਿਆਂ ਵਿੱਚ **ਸੰਸ਼ੋਧਨਾਂ** ਦੀ ਲੋੜ ਵਾਲੇ ਵਿਦਿਆਰਥੀਆਂ ਦੀ ਸੰਖਿਆ ਅਨੁਕੂਲਨਾਂ ਦੀ ਲੋੜ ਵਾਲੇ ਵਿਦਿਆਰਥੀਆਂ ਦੀ ਸੰਖਿਆ ਦੇ ਮੁਕਾਬਲੇ ਕਾਫੀ ਘੱਟ ਹੁੰਦੀ ਹੈ। ਇੱਕ ਵਿਦਿਆਰਥੀ, ਜਿਸਦਾ ਪ੍ਰੋਗਰਾਮ ਸੰਸ਼ੋਧਿਤ ਕੀਤਾ ਜਾਂਦਾ ਹੈ, ਉਹ ਸੂਬਾਈ ਪਾਠਕ੍ਰਮ ਦੇ ਮੁਕਾਬਲੇ ਵੱਖਰੇ ਟੀਚਿਆਂ ਤੇ ਕੰਮ ਕਰ ਰਿਹਾ ਹੋਵੇਗਾ।

ਸਿੱਖਿਆ ਮੰਤਰਾਲੇ ਨੇ ਨਿਰਨਾ ਦਿੱਤਾ ਹੈ ਕਿ ਸੰਸ਼ੋਧਨਾਂ ਬਾਰੇ ਉਹਨਾਂ ਵਿਦਿਆਰਥੀਆਂ ਲਈ ਵਿਚਾਰ ਕੀਤਾ ਜਾਣਾ ਚਾਹੀਦਾ ਹੈ, ਜਿਹਨਾਂ ਦੀਆਂ ਖਾਸ ਲੋੜਾਂ ਅਜਿਹੀਆਂ ਹਨ ਕਿ ਉਹ ਪਾਠਕ੍ਰਮ ਤੱਕ ਪਹੁੰਚ ਦੇ ਅਯੋਗ ਹੋਵੇ, ਉਦਾਹਰਨ ਲਈ, ਜੋ ਵਿਦਿਆਰਥੀ

- ਆਪਣੇ ਆਸਪਾਸ ਦਾ ਵਾਤਾਵਰਨ ਦੇ ਪ੍ਰਤੀ ਸੀਮਿਤ ਸੁਚਤੇਤਾ ਰੱਖਦਾ ਹੋਵੇ
- ਜਿਸਦੀ ਕਮਜ਼ੋਰ ਮਾਨਸਿਕ ਅਤੇ ਸ਼ਰੀਰਕ ਸਿਹਤ ਹੋਵੇ
- ਉਸਨੂੰ ਚਿਕਿਤਸਕੀ ਅਤੇ ਸੰਗਿਆਨਕ ਤੌਰ ਤੇ ਜਾਂ ਅਨੇਕ ਪ੍ਰਕਾਰ ਦੀਆਂ ਚੁਣੌਤੀਆਂ ਹੋਣ[1]

ਉਹਨਾਂ ਵਿਦਿਆਰਥੀਆਂ ਦੇ ਉਦਾਹਰਨ ਜਿਹਨਾਂ ਦੀ ਆਈ.ਈ.ਪੀ. ਵਿੱਚ ਸੰਸ਼ੋਧਨ ਹੋ ਸਕਦੇ ਹਨ

- ਇੱਕ ਅਜਿਹਾ ਵਿਦਿਆਰਥੀ ਜੋ ਪੈਸੇ ਗਿਣਨੇ ਸਿੱਖ ਰਿਹਾ ਹੈ ਜਦਕਿ ਉਸਦੇ ਸਾਥੀ ਅਲਜਬਰਾ (ਬੀਜ-ਗਣਿਤ) ਪੜ੍ਹ ਰਹੇ ਹਨ
- ਇੱਕ ਅਜਿਹਾ ਵਿਦਿਆਰਥੀ ਜੋ ਗ੍ਰਹਿਆਂ ਦੇ ਨਾਮ ਸਿੱਖ ਰਿਹਾ ਹੈ ਜਦਕਿ ਉਸਦੇ ਸਾਥੀ ਸੂਰਜੀ ਪ੍ਰਣਾਲੀ ਪੜ੍ਹ ਰਹੇ ਹਨ
- ਇੱਕ ਗ੍ਰੇਡ 5 ਦਾ ਵਿਦਿਆਰਥੀ ਜੋ ਇਹ ਸਿੱਖ ਰਿਹਾ ਹੈ ਕਿ ਪ੍ਰੀ-ਪ੍ਰਾਈਮਰੀ ਪੱਧਰ ਤੇ ਕਹਾਣੀਆਂ ਕਿਵੇਂ ਸੁਣੀਆਂ ਜਾਂਦੀਆਂ ਹਨ ਅਤੇ ਉਚਿਤ ਸਮੇਂ ਤੇ ਪੰਨੇ ਕਿਵੇਂ ਬਦਲਨੇ ਹਨ

ਕਦੇ-ਕਦੇ ਇਹ ਸਪਸ਼ਟ ਹੁੰਦਾ ਹੈ ਕਿ ਇੱਕ ਵਿਦਿਆਰਥੀ ਦੇ ਆਈ.ਈ.ਪੀ. ਵਿੱਚ ਅਨੁਕੂਲਨਾਂ ਦੀ ਬਜਾਏ ਸੰਸ਼ੋਧਨ ਸ਼ਾਮਲ ਹੁੰਦੇ ਹਨ। ਹੋਰ ਸਮੇਂ ਭਿੰਨਤਾ ਅਪ੍ਰਤੱਖ ਹੁੰਦੀ ਹੈ। ਆਈ.ਈ.ਪੀ. ਵਿੱਚ ਇਸ ਬਾਰੇ ਗੱਲ ਕਰਨਾ ਅਤੇ ਮੰਤਰਾਲੇ ਦੀ ਗਾਈਡ ਪੜ੍ਹਨਾ ਇੱਕ ਵਧੀਆ ਵਿਚਾਰ ਹੈ।

ਇੱਕ ਵਿਦਿਆਰਥੀ ਜਿਸਦੀ ਆਈ.ਈ.ਪੀ. ਵਿੱਚ ਸੰਸ਼ੋਧਨ ਹੁੰਦੇ ਹਨ, ਉਹ ਵਿਸ਼ੇ ਜਾਂ ਪਾਠਕ੍ਰਮ ਦੇ ਪੜ੍ਹਾਈ ਨਤੀਜਿਆਂ ਦੀ ਬਜਾਏ ਆਈ.ਈ.ਪੀ. ਵਿੱਚ ਖਾਸ ਟੀਚਿਆਂ ਦੇ ਸੰਬੰਧ ਵਿੱਚ ਟਿੱਪਣੀਆਂ ਜਾਂ ਲੈਟਰ ਗ੍ਰੇਡ ਵਾਲੀਆਂ ਰਿਪੋਰਟ ਕਾਰਡ ਪ੍ਰਾਪਤ ਕਰੇਗੀ।

ਵਿਦਿਆਰਥੀ ਗ੍ਰੇਜੁਏਸ਼ਨ ਦੇ ਬਾਅਦ, ਇੱਕ ਸਕੂਲ ਕੰਪਲੀਸ਼ਨ ਸਰਟੀਫਿਕੇਟ (School Completion Certificate), ਜਿਸਨੂੰ ਹੁਣ ਐਵਰਗ੍ਰੀਨ (Evergreen) ਕਿਹਾ ਜਾਂਦਾ ਹੈ, ਪ੍ਰਾਪਤ ਕਰ ਸਕਦਾ ਹੈ।

[1] ਸਿੱਖਿਆ ਮੰਤਰਾਲੇ ਦੀ *ਅਨੁਕੂਲਨਾਂ ਅਤੇ ਸੰਸ਼ੋਧਨਾਂ ਦੀ ਇੱਕ ਗਾਈਡ (A Guide to Adaptations and Modifications)* ਦੇਖੋ।

> ਸੰਸ਼ੋਧਨਾਂ ਨੂੰ ਵਰਤਣ ਦਾ ਫੈਸਲਾ ਅਨੁਕੂਲਨਾਂ ਵਰਗੇ ਸਿਧਾਂਤਾਂ ਦੇ ਆਧਾਰ ਤੇ ਹੋਣਾ ਚਾਹੀਦਾ ਹੈ - ਇਹ ਕਿ ਸਾਰੇ ਵਿਦਿਆਰਥੀਆਂ ਕੋਲ ਪੜ੍ਹਾਈ ਤੱਕ ਉਚਿਤ ਪਹੁੰਚ, ਪ੍ਰਾਪਤੀ ਮੌਕੇ ਅਤੇ ਉਹਨਾਂ ਦੇ ਸਿੱਖਿਆ ਸੰਬੰਧੀ ਪ੍ਰੋਗਰਾਮਾਂ ਦੇ ਸਾਰੇ ਪੱਖਾਂ ਵਿੱਚ ਉੱਤਮਤਾ ਦਾ ਕੰਮਕਾਜ ਹੋਣਾ ਲਾਜ਼ਮੀ ਹੈ।
>
> —ਬੀ.ਸੀ. ਸਿੱਖਿਆ ਮੰਤਰਾਲਾ, ਅਨੁਕੂਲਨਾਂ ਅਤੇ ਸੰਸ਼ੋਧਨਾਂ ਦੀ ਇੱਕ ਗਾਈਡ
> (B.C. Ministry of Education, A Guide to Adaptations and Modifications)

# ਇੱਕ ਵਿਦਿਆਰਥੀ ਦੇ ਪ੍ਰੋਗਰਾਮ ਨੂੰ ਅਨੁਕੂਲ ਕਰਨ ਤੇ ਨਮੂਨਾ ਆਈ.ਈ.ਪੀ. ਟੀਚਾ

*ਜੌਨ ਆਪਣੇ ਪਿਤਾ ਨਾਲ ਰਹਿੰਦਾ ਹੈ। ਉਹ ਸਕੂਲ ਨੂੰ ਨਾ ਪਸੰਦ ਕਰਦਾ ਹੈ ਅਤੇ ਅਕਸਰ ਗ਼ੈਰਹਾਜ਼ਰ ਰਹਿੰਦਾ ਹੈ। ਉਹ ਵੀਡਿਓ ਗੇਮਸ ਖੇਡਣਾ ਪਸੰਦ ਕਰਦਾ ਹੈ ਅਤੇ ਸੌਸਰ ਖੇਲਣ ਵਿੱਚ ਅਨੰਦ ਮਾਣਦਾ ਹੈ। ਜੌਨ ਪ੍ਰਯੋਗਿਕ ਗਤੀਵਿਧੀਆਂ ਰਾਹੀਂ ਬਿਹਤਰ ਸਿੱਖਦਾ ਹੈ। ਉਸਦੀ ਡ੍ਰਗ ਵਰਤੋਂ ਦਾ ਇੱਕ ਸੂਚਿਤ ਇਤਿਹਾਸ ਹੈ ਅਤੇ ਉਸਦੇ ਕੁਝ ਹੀ ਮਿੱਤਰ ਹਨ। ਉਸਨੇ ਇਸ ਸੈਕੰਡਰੀ ਸਕੂਲ ਵਿੱਚ ਆਉਣ ਤੋਂ ਪਹਿਲਾਂ ਵੱਖ-ਵੱਖ ਸਕੂਲਾਂ ਵਿੱਚ ਦਾਖ਼ਲਾ ਲਿਆ। ਸਕੂਲ ਵਿੱਚ ਇੱਕ ਸਲਾਹਕਾਰ ਵੱਲੋਂ ਉਸਦਾ ਨਿਰੀਖਣ ਕੀਤਾ ਜਾਂਦਾ ਰਿਹਾ ਹੈ।*

**ਟੀਚਾ: ਸਕੂਲ ਵਿੱਚ ਜੌਨ ਦੀ ਹਾਜ਼ਰੀ ਨੂੰ ਵਧਾਉਣਾ**

**ਕਾਰਜਨੀਤੀਆਂ**

ਸਲਾਹਕਾਰ ਇਹ ਕਰੇਗਾ

- ਸਕੂਲ ਵਿੱਚ ਉਹਨਾਂ ਸਮਿਆਂ ਦੀ ਪਛਾਣ ਕਰੇਗਾ, ਜਦੋਂ ਜੌਨ ਅਨੰਦ ਮਾਣਦਾ ਹੈ ਅਤੇ ਉਹ ਸਮੇਂ ਜਦੋਂ ਉਹ ਕੰਮਾਂ ਨੂੰ ਟਾਲਦਾ ਹੈ
- ਉਸ ਲਈ ਲਰਨਿੰਗ ਅਸਿਸਟੈਂਸ ਸੈਂਟਰ (Learning Assistance Centre) ਵਿੱਚ ਦਾਖ਼ਲਾ ਲੈਣ ਦਾ ਪ੍ਰਬੰਧ ਕਰੇਗਾ ਅਤੇ ਉਸਦਾ ਫ੍ਰੈਂਚ ਪਾਠਕ੍ਰਮ ਬੰਦ ਕਰੇਗਾ
- ਕੰਪਿਊਟਰ-ਆਧਾਰਿਤ ਪੜ੍ਹਾਈ ਅਕੈਡਮੀ ਔਫ ਰੀਡਿੰਗ ਅਤੇ ਗਣਿਤ ਦੇ ਚਾਰ ਹਫਤਾਵਾਰ ਸੈਸ਼ਨਾਂ ਦਾ ਪ੍ਰਬੰਧ ਕਰੇਗਾ
- ਸੌਸਰ ਕਲਬ ਅਤੇ ਸ਼ਰੀਰਕ ਸਿੱਖਿਆ ਅਧਿਆਪਕਾਂ ਨਾਲ ਜੌਨ ਦਾ ਪਰਿਚੈ ਕਰਾਏਗਾ
- ਜੌਨ ਦੀ ਹਾਜ਼ਰੀ ਦਾ ਨਿਰੀਖਣ ਕਰਨ ਲਈ ਉਸਦੇ ਯੋਜਕ ਵਿੱਚ ਉਸਦੇ ਸਵੈ-ਰਿਕਾਰਡਿੰਗ ਸਿਸਟਮ ਦੀ ਸਮੀਖਿਆ ਕਰੇਗਾ
- ਸਾਰੇ ਵਿਸ਼ਾ ਸਟਾਫ ਨੂੰ ਇੱਕ ਪ੍ਰਯੋਗਿਕ ਵਿਦਿਆਰਥੀ ਦੇ ਤੌਰ ਤੇ ਆਈ.ਈ.ਪੀ. ਅਤੇ ਉਸਦੀ ਸਮਰੱਥਾ ਬਾਰੇ ਸੂਚਿਤ ਕਰੇਗਾ
- ਸਵਾਲਾਂ ਜਾਂ ਚਿੰਤਾਵਾਂ ਦੇ ਨਾਲ-ਨਾਲ, ਉਹਨਾਂ ਕਾਰਜਨੀਤੀਆਂ ਲਈ ਸਟਾਫ ਦੇ ਇੱਕ ਰਿਸੋਰਸ ਦੇ ਤੌਰ ਤੇ ਕੰਮ ਕਰੇਗਾ, ਜਿਹਨਾਂ ਵਿੱਚ ਉਸਦੇ ਸਿੱਖਣ ਦੇ ਢੰਗ ਦਾ ਵਰਤਾਓ ਕੀਤਾ ਜਾਂਦਾ ਹੈ

ਇੱਕ ਯੂਥ ਵਰਕਰ /ਆਊਟਰੀਚ ਵਰਕਰ ਇਹ ਕਰੇਗਾ

- ਜੌਨ ਨੂੰ ਸਕੂਲ ਅਤੇ ਭਾਈਚਾਰੇ ਵਿੱਚ ਹਫਤੇ ਵਿੱਚ ਦੋ ਵਾਰ ਖੇਡ ਗਤੀਵਿਧੀਆਂ ਵਿੱਚ ਸ਼ਾਮਲ ਕਰੇਗਾ
- ਜੌਨ ਦੀ ਹਾਜ਼ਰੀ ਅਤੇ ਉਸਦੀ ਸੰਭਾਵਿਤ ਡ੍ਰਗ ਵਰਤੋਂ ਦਾ ਨਿਰੀਖਣ ਕਰਨ ਲਈ ਜੌਨ ਦੇ ਪਿਤਾ ਨਾਲ ਤਾਲਮੇਲ ਕਰੇਗਾ

**ਟੀਚਾ ਮੁਲਾਂਕਣ ਅਤੇ ਨਿਰਧਾਰਨ**

ਜੌਨ ਇਹ ਕਰੇਗਾ

- ਆਪਣੀ ਹਾਜ਼ਰੀ ਦੀ ਸਮੀਖਿਆ ਕਰਨ ਲਈ ਅਤੇ ਉਸ ਜਾਣਕਾਰੀ, ਜੋ ਸਲਾਹਕਾਰ ਨੇ ਉਹਨਾਂ ਕਲਾਸਾਂ ਤੇ ਪ੍ਰਾਪਤ ਕੀਤੀ, ਜਿਹਨਾਂ ਵਿੱਚ ਜੌਨ ਅਨੰਦ ਮਾਣਦਾ ਹੈ ਅਤੇ ਜਿਹਨਾਂ ਵਿੱਚ ਉਹ ਅਨੰਦ ਨਹੀਂ ਮਾਣਦਾ, ਦੇ ਆਧਾਰ ਤੇ ਆਪਣੇ ਪ੍ਰੋਗਰਾਮ ਦਾ ਪੁਨਰ ਨਿਰੀਖਣ ਕਰਨ ਲਈ ਇੱਕ ਮਹੀਨੇ ਵਿੱਚ ਸਲਾਹਕਾਰ ਅਤੇ ਆਪਣੇ ਪਿਤਾ ਨੂੰ ਮਿਲੇਗਾ
- ਆਪਣੀ ਹਾਜ਼ਰੀ ਬਿਹਤਰ ਬਣਾਏਗਾ ਤਾਂ ਜੋ ਹਰੇਕ ਮਹੀਨੇ ਤਿੰਨ ਤੋਂ ਘੱਟ ਦਿਨ ਹੀ ਗੈਰਹਾਜ਼ਰ ਰਹੇ
- ਆਪਣੇ ਪ੍ਰੋਗਰਾਮ ਦੇ ਹਿੱਸੇ ਦੇ ਤੌਰ ਤੇ ਸਕੂਲ ਖੇਡਾਂ ਵਿੱਚ ਭਾਗ ਲਵੇਗਾ
- ਹਫਤੇ ਵਿੱਚ ਦੋ ਵਾਰ ਭਾਈਚਾਰਾ ਖੇਡਾਂ ਵਿੱਚ ਭਾਗ ਲਵੇਗਾ

ਸਲਾਹਕਾਰ, ਪੜ੍ਹਾਈ ਸਹਾਇਕ ਅਧਿਆਪਕ ਅਤੇ ਯੂਥ ਵਰਕਰ ਅਗਲੇ ਦੋ ਮਹੀਨਿਆਂ ਤੱਕ ਇਹਨਾਂ ਕਾਰਜਨੀਤੀਆਂ ਅਤੇ ਯੋਜਨਾ ਦੇ ਪ੍ਰਭਾਵ ਦਾ ਮੁਲਾਂਕਣ ਕਰਨ ਲਈ ਦੋ ਮਹੀਨਿਆਂ ਵਿੱਚ ਜੌਨ ਅਤੇ ਉਸਦੇ ਪਿਤਾ ਨੂੰ ਮਿਲਣਗੇ।

**ਨੋਟਸ**

- ਜੌਨ ਦੇ ਪ੍ਰੋਗਰਾਮ ਨੂੰ ਉਸਦੀਆਂ ਲੋੜਾਂ ਦੇ ਅਨੁਕੂਲ ਕੀਤਾ ਜਾ ਰਿਹਾ ਹੈ; ਇਸ ਵਰ੍ਹੇ ਉਸ ਕੋਲ ਇੱਕ ਪੂਰਾ ਪ੍ਰੋਗਰਾਮ ਨਹੀਂ ਹੋਵੇਗਾ। ਸੰਬੰਧਿਤ ਹੋਣ ਦੀ ਇੱਕ ਭਾਵਨਾ ਵਿਕਸਿਤ ਕਰਨ ਵਿੱਚ ਅਤੇ ਸਕੂਲ ਵਿੱਚ ਦੋਸਤ ਬਣਾਉਣ ਵਿੱਚ ਉਸਦੀ ਸਹਾਇਤਾ ਕਰਨਾ ਉਸਦੀ ਹਾਜ਼ਰੀ ਨੂੰ ਵਧਾਉਣ ਲਈ ਇੱਕ ਮਹੱਤਵਪੂਰਨ ਪਹਿਲਾ ਕਦਮ ਹੋ ਸਕਦਾ ਹੈ।
- ਜੌਨ ਕਿਸ ਚੀਜ਼ ਵਿੱਚ ਅਨੰਦ ਮਾਣਦਾ ਹੈ ਅਤੇ ਉਸ ਲਈ ਕੀ ਮੁਸ਼ਕਿਲ ਹੈ, ਇਸਦੀ ਪਛਾਣ ਕਰਕੇ, ਅਤੇ ਮੁਸ਼ਕਿਲ ਚੀਜ਼ਾਂ ਨੂੰ ਘੱਟ ਕਰਕੇ, ਸਲਾਹਕਾਰ ਸਕੂਲ ਤੇ ਇੱਕ ਵੱਧ ਨਿਸ਼ਚੇਆਤਮਿਕ ਦ੍ਰਿਸ਼ਟੀਕੋਣ ਪ੍ਰਾਪਤ ਕਰਨ ਵਿੱਚ ਜੌਨ ਦੀ ਸਹਾਇਤਾ ਕਰ ਸਕਦਾ ਹੈ।
- ਜੌਨ ਨੂੰ ਇਹ ਮਹਿਸੂਸ ਕਰਾਉਣਾ ਹੋਵੇਗਾ ਕਿ ਉਹ ਪੜ੍ਹਾਈ ਲਈ ਪ੍ਰੇਰਿਤ ਕੀਤੇ ਜਾਣ ਲਈ ਸਫਲਤਾ ਪ੍ਰਾਪਤ ਕਰ ਰਿਹਾ ਹੈ। ਉਹਨਾਂ ਪਾਠਕ੍ਰਮਾਂ ਨੂੰ ਸਮਾਪਤ ਕਰਨਾ, ਜੋ ਉਸਦੇ ਲਈ ਵੱਧ ਮੁਸ਼ਕਿਲ ਹਨ, ਉਸਨੂੰ ਸਫਲ ਮਹਿਸੂਸ ਕਰਨ ਵਿੱਚ ਕੁਝ ਸਮੇਂ ਲਈ ਲਾਜ਼ਮੀ ਹੋ ਸਕਦਾ ਹੈ।

# ਸਾਡੇ ਬੱਚੇ ਦੀ ਪ੍ਰਗਤੀ ਤੇ ਰਿਪੋਰਟਿੰਗ

ਸਿੱਖਿਆ ਮੰਤਰਾਲੇ ਹੁਕਮ ਦਿੰਦਾ ਹੈ ਕਿ ਮਾਤਾ-ਪਿਤਾ ਨੂੰ ਤਿੰਨ ਰਸਮੀ ਪ੍ਰਗਤੀ ਰਿਪੋਰਟਾਂ ਦਿੱਤੀਆਂ ਜਾਣ।[1] ਇਹ ਉਹ ਰਿਪੋਰਟ ਕਾਰਡ ਹਨ, ਜਿਹਨਾਂ ਤੋਂ ਅਸੀਂ ਜਾਣੂ ਹਾਂ। ਗ੍ਰੇਡ 3 ਦੇ ਕਿੰਡਰਗਾਰਟਨ ਲਈ, ਰਿਪੋਰਟ ਕਾਰਡਾਂ ਵਿੱਚ ਸਾਨੂੰ ਇਹ ਦੱਸਣ ਲਈ ਲਿਖਤ ਟਿੱਪਣੀਆਂ ਦੀ ਵਰਤੋਂ ਕੀਤੀ ਜਾਂਦੀ ਹੈ ਕਿ ਸਾਡਾ ਬੱਚਾ ਕੀ ਕਰ ਸਕਦਾ ਹੈ ਅਤੇ ਕਿੱਥੇ ਉਸਨੂੰ ਮੁਸ਼ਕਿਲ ਹੋ ਰਹੀ ਹੈ। ਗ੍ਰੇਡ 4 ਤੋਂ 12 ਲਈ, ਉਹਨਾਂ ਨੂੰ ਲੈਟਰ ਗ੍ਰੇਡ ਵਰਤਣੇ ਚਾਹੀਦੇ ਹਨ। ਗ੍ਰੇਡ 4 ਤੋਂ 7 ਲਈ, ਉਹਨਾਂ ਨੂੰ ਲਿਖਤ ਟਿੱਪਣੀਆਂ ਵੀ ਸ਼ਾਮਲ ਕਰਨੀਆਂ ਚਾਹੀਦੀਆਂ ਹਨ। ਗ੍ਰੇਡ 8 ਤੋਂ 12 ਲਈ, ਜਿੱਥੇ ਉਚਿਤ ਹੋਵੇ, ਉਹ ਲਿਖਤ ਟਿੱਪਣੀਆਂ ਸ਼ਾਮਲ ਕਰ ਸਕਦੇ ਹਨ।

ਜੇਕਰ ਸਾਡੇ ਬੱਚੇ ਦੀ ਆਈ.ਈ.ਪੀ. ਵਿੱਚ ਉਸਦੀਆਂ ਸਿੱਖਣ ਦੀਆਂ ਖਾਸ ਲੋੜਾਂ ਦੀ ਵਿਵਸਥਾ ਕਰਨ ਲਈ ਅਨੁਕੂਲਨ ਸ਼ਾਮਲ ਕੀਤੇ ਜਾਂਦੇ ਹਨ (ਜਿਵੇਂ ਨੇਤਰਹੀਣ ਜਾਂ ਅੰਸ਼ਕ ਦ੍ਰਿਸ਼ਟੀ ਵਾਲੇ ਵਿਦਿਆਰਥੀ ਲਈ ਵਰਣਨ ਕੀਤਾ ਗਿਆ ਹੈ), ਤਾਂ

- ਜੇਕਰ ਉਹ ਪਾਠਕ੍ਰਮ ਵਿੱਚ ਪੜ੍ਹਾਈ ਨਤੀਜਿਆਂ ਨੂੰ ਪੂਰਾ ਕਰ ਰਿਹਾ ਹੈ, ਤਾਂ ਆਪਣੇ ਪਾਠਕ੍ਰਮ ਜਾਂ ਗ੍ਰੇਡ ਲਈ ਜੋ ਰਿਪੋਰਟ ਕਾਰਡ ਉਸਨੂੰ ਪ੍ਰਾਪਤ ਹੁੰਦਾ ਹੈ, ਉਹ ਉੱਪਰ ਵਰਣਨ ਕੀਤੇ ਵਾਂਗ ਹੋਵੇਗਾ
- ਜੇਕਰ ਉਹ ਪਾਠਕ੍ਰਮ ਵਿੱਚ ਪੜ੍ਹਾਈ ਨਤੀਜਿਆਂ ਨੂੰ ਪੂਰਾ *ਨਹੀਂ* ਕਰ ਰਿਹਾ ਹੈ, ਤਾਂ ਉਸਦਾ ਰਿਪੋਰਟ ਕਾਰਡ ਉਸਦੀ ਆਈ.ਈ.ਪੀ. ਵਿੱਚ ਟੀਚਿਆਂ ਦੇ ਸੰਬੰਧ ਵਿੱਚ ਉਸਦੀ ਪ੍ਰਗਤੀ ਨੂੰ ਪ੍ਰਤਿਬਿੰਬਤ ਕਰੇਗਾ

ਜੇਕਰ ਸਾਡੇ ਬੱਚੇ ਦੀ ਆਈ.ਈ.ਪੀ. ਵਿੱਚ ਸੰਸ਼ੋਧਨ ਸ਼ਾਮਲ ਨਹੀਂ ਹੁੰਦੇ (ਜਿਵੇਂ ਕਿ ਉਸ ਵਿਦਿਆਰਥੀ ਲਈ ਵਰਣਨ ਕੀਤਾ ਗਿਆ ਹੈ ਜੋ ਪੈਸੇ ਗਿਣਨੇ ਸਿੱਖ ਰਿਹਾ ਹੈ ਜਦਕਿ ਉਸਦੇ ਸਾਥੀ ਅਲਜਬਰਾ (ਬੀਜ-ਗਣਿਤ) ਪੜ੍ਹ ਰਹੇ ਹਨ), ਤਾਂ ਉਸਦਾ ਰਿਪੋਰਟ ਕਾਰਡ ਉਸਦੀ ਆਈ.ਈ.ਪੀ. ਵਿਚਲੇ ਟੀਚਿਆਂ ਦੇ ਸੰਬੰਧ ਵਿੱਚ ਉਸਦੀ ਪ੍ਰਗਤੀ ਨੂੰ ਪ੍ਰਤਿਬਿੰਬਤ ਕਰੇਗਾ।

(ਵਧੇਰੇ ਜਾਣਕਾਰੀ *ਵਿਦਿਆਰਥੀ ਪ੍ਰਗਤੀ ਰਿਪੋਰਟ ਆਰਡਰ (Student Progress Report Order)* ਵਿੱਚ ਲੱਭੀ ਜਾ ਸਕਦੀ ਹੈ।)

ਰਿਪੋਰਟ ਕਾਰਡ ਕਾਨਫਰੰਸਾਂ ਇੱਕ ਆਈ.ਈ.ਪੀ. ਸਮੀਖਿਆ ਲਈ ਇੱਕ ਕੁਦਰਤੀ ਸ਼ੁਰੂਆਤ ਹੋ ਸਕਦੀਆਂ ਹਨ। ਸਿੱਖਿਆ ਮੰਤਰਾਲੇ ਹੁਕਮ ਦਿੰਦਾ ਹੈ ਕਿ ਵਰ੍ਹੇ ਵਿੱਚ ਘੱਟੋ-ਘੱਟ ਇੱਕ ਵਾਰ ਆਈ.ਈ.ਪੀ. ਦੀ ਸਮੀਖਿਆ ਕੀਤੀ ਜਾਏ।[2] ਚੰਗਾ ਅਭਿਆਸ ਸਾਨੂੰ ਇੱਹ ਦੱਸਦਾ ਹੈ ਕਿ ਵੱਧ ਵਾਰ ਸਮੀਖਿਆਵਾਂ ਇਹ ਯਕੀਨੀ ਬਣਾਉਣ ਵਿੱਚ ਸਹਾਇਤਾ ਕਰਨਗੀਆਂ ਕਿ ਆਈ.ਈ.ਪੀ. ਯਕੀਨੀ ਤੌਰ ਤੇ "ਲਿਵਿੰਗ ਦਸਤਾਵੇਜ" ਹੈ, ਇਸਨੂੰ ਇੱਕ ਅਜਿਹਾ ਦਸਤਾਵੇਜ ਮੰਨਿਆ ਜਾਏਗਾ, ਜੋ ਸਾਡੇ ਬੱਚੇ ਦੀ ਪੜ੍ਹਾਈ ਵਿੱਚ ਉਸਦੀਆਂ ਪ੍ਰਗਤੀਆਂ ਦੇ ਅਨੁਸਾਰ ਬਦਲਦਾ ਅਤੇ ਅਨੁਕੂਲ ਬਣਦਾ ਹੈ।

ਇੱਕ ਆਈ.ਈ.ਪੀ. ਸਮੀਖਿਆ ਦੇ ਦੌਰਾਨ, ਅਸੀਂ ਸਕੂਲ ਸਟਾਫ ਨਾਲ ਮਿਲ ਕੇ ਇਹ ਪਛਾਣ ਕਰ ਸਕਦੇ ਹਾਂ ਕਿ ਕਿਹੜੀ ਚੀਜ਼ ਅਸਰਦਾਰ ਰਹੀ ਅਤੇ ਕਿਹੜੀ ਨਹੀਂ। ਅਸੀਂ ਛੋਟੀ-ਮਿਆਦ ਦੇ ਟੀਚਿਆਂ, ਜੋ ਪੂਰੇ ਹੋ ਗਏ ਹਨ, ਨੂੰ ਨਵੇਂ ਟੀਚਿਆਂ ਨਾਲ ਬਦਲ ਸਕਦੇ ਹਾਂ। ਅਸੀਂ ਇਹ ਯਕੀਨੀ ਬਣਾ ਸਕਦੇ ਹਾਂ ਕਿ ਆਈ.ਈ.ਪੀ. ਸਾਡੇ ਬੱਚੇ ਦੇ ਸਿੱਖਣ ਦੇ ਢੰਗ ਅਨੁਸਾਰ ਹੈ।

[1] ਬੀ.ਸੀ. ਸਿੱਖਿਆ ਮੰਤਰਾਲਾ, *ਵਿਦਿਆਰਥੀ ਪ੍ਰਗਤੀ ਰਿਪੋਰਟ ਆਰਡਰ* (B.C. Ministry of Education, *Student Progress Report Order*)
[2] ਬੀ.ਸੀ. ਸਿੱਖਿਆ ਮੰਤਰਾਲਾ, ਵਿਅਕਤੀਗਤ ਸਿੱਖਿਆ ਯੋਜਨਾ ਆਰਡਰ (B.C. Ministry of Education, Individual Education Plan Order)

ਇੱਕ ਆਈ.ਈ.ਪੀ. ਸਮੀਖਿਆ ਦੇ ਮੁੱਖ ਭਾਗਾਂ ਵਿੱਚ ਸ਼ਾਮਲ ਹਨ

- ਮਾਤਾ ਜਾਂ ਪਿਤਾ ਅਤੇ (ਜਿੱਥੇ ਉਚਿਤ ਹੋਵੇ) ਵਿਦਿਆਰਥੀ ਦੀ ਭਾਗੀਦਾਰੀ
- ਟੀਮ ਮੈਂਬਰਾਂ ਵੱਲੋਂ ਮੁਲਾਂਕਣਾਂ ਦਾ ਮੁਆਇਨਾ ਅਤੇ ਨਿਰੀਖਣਾਂ ਤੇ ਵਿਚਾਰ-ਵਟਾਂਦਰਾ
- ਆਈ.ਈ.ਪੀ. ਟੀਮ ਮੈਂਬਰਾਂ ਦੀਆਂ ਸਮੱਸਿਆਵਾਂ ਅਤੇ ਚਿੰਤਾਵਾਂ ਦਾ ਗੰਭੀਰ ਚਿੰਤਨ
- ਟੀਚਿਆਂ, ਮੰਤਵਾਂ, ਕਾਰਜਨੀਤੀਆਂ, ਸੇਵਾਵਾਂ ਅਤੇ ਸਮੱਗਰੀਆਂ ਦਾ ਪੁਨਰ ਨਿਰੀਖਣ
- ਅਗਲੀ ਸਿੱਖਿਆ ਸੰਬੰਧੀ ਮਿਆਦ ਲਈ ਪ੍ਰਥਮਤਾਵਾਂ ਦੀ ਪਛਾਣ
- ਨਵੇਂ ਮੁਲਾਂਕਣਾਂ ਅਤੇ ਸੇਵਾਵਾਂ ਲਈ ਰੈਫਰਲ
- ਅਗਲੀ ਆਈ.ਈ.ਪੀ. ਸਮੀਖਿਆ ਤਾਰੀਖ ਦੀ ਰਿਕਾਰਡਿੰਗ

*—ਸਿੱਖਿਆ ਮੰਤਰਾਲਾ, ਖਾਸ ਲੋੜਾਂ ਵਾਲੇ ਵਿਦਿਆਰਥੀਆਂ ਲਈ ਵਿਅਕਤੀਗਤ ਸਿੱਖਿਆ ਯੋਜਨਾਬੰਦੀ : ਅਧਿਆਪਕਾਂ ਲਈ ਇੱਕ ਸ੍ਰੋਤ ਗਾਈਡ* (Ministry of Education, *Individual Education Planning for Students with Special Needs: A Resource Guide for Teachers*)

# ਹੱਕ ਅਤੇ ਜ਼ੁੰਮੇਵਾਰੀਆਂ

ਸਾਰੇ ਮਾਤਾ-ਪਿਤਾ ਦੇ ਸਾਡੇ ਪਬਲਿਕ ਸਕੂਲ ਸਿਸਟਮ ਵਿੱਚ ਉਹਨਾਂ ਦੇ ਬੱਚਿਆਂ ਦੇ ਸੰਬੰਧ ਵਿੱਚ ਕੁਝ ਮੂਲ ਹੱਕ ਹੁੰਦੇ ਹਨ। ਉਹਨਾਂ ਵਿੱਚੋਂ ਇੱਕ ਹੱਕ ਉਹਨਾਂ ਦੇ ਬੱਚੇ ਦੀ "ਸਕੂਲ ਵਿੱਚ ਹਾਜ਼ਰੀ, ਰਵੱਈਏ ਅਤੇ ਪ੍ਰਗਤੀ ਬਾਰੇ ਸੂਚਿਤ ਕੀਤੇ ਜਾਣ, ਅਤੇ ਸਕੂਲ ਜਿਲਾ ਵਿੱਚ ਸਿੱਖਿਆ ਸੰਬੰਧੀ ਪ੍ਰੋਗਰਾਮਾਂ ਦੀ ਸਧਾਰਨ ਪ੍ਰਭਾਵਕਤਾ ਨਾਲ ਸੰਬੰਧਿਤ ਸਾਲਾਨਾ ਰਿਪੋਰਟਾਂ, ਮੰਗਣ ਤੇ, ਪ੍ਰਾਪਤ ਕਰਨ ਦਾ ਹੱਕ ਹੈ।" ਮਾਤਾ-ਪਿਤਾ ਆਪਣੇ ਬੱਚੇ ਨਾਲ ਸੰਬੰਧਿਤ ਉਹਨਾਂ ਦੇ ਸਕੂਲ ਬੋਰਡ ਵੱਲੋਂ ਰੱਖੇ ਗਏ ਸਾਰੇ ਰਿਕਾਰਡਾਂ ਦਾ ਮੁਆਇਨਾ ਕਰਨ ਦੇ ਵੀ ਹੱਕਦਾਰ ਹੁੰਦੇ ਹਨ।

ਖਾਸ ਲੋੜਾਂ ਵਾਲੇ ਵਿਦਿਆਰਥੀਆਂ ਦੇ ਮਾਤਾ-ਪਿਤਾ ਨੂੰ ਸਕੂਲ ਵਿੱਚ ਉਹਨਾਂ ਦੇ ਬੱਚੇ ਦੀ ਬਦਲੀ ਅਤੇ ਉਹਨਾਂ ਦੇ ਬੱਚੇ ਦੀ ਆਈ.ਈ.ਪੀ. ਦੀ ਤਿਆਰੀ ਤੇ ਰਾਏ ਦੇਣ ਦਾ *ਵਾਧੂ* ਹੱਕ ਹੁੰਦਾ ਹੈ। ਹਾਲਾਂਕਿ, ਉਹਨਾਂ ਨੂੰ ਨਾ ਤਾਂ ਆਈ.ਈ.ਪੀ. ਦੀ ਸਮੱਗਰੀ ਨੂੰ ਰੱਦ ਕਰਨ ਦਾ ਹੱਕ ਹੁੰਦਾ ਹੈ, ਨਾ ਹੀ ਆਈ.ਈ.ਪੀ. ਨੂੰ ਅਮਲ ਵਿੱਚ ਲਿਆਉਣ ਲਈ ਮਨਜ਼ੂਰ ਕਰਨ ਦਾ ਹੱਕ ਹੁੰਦਾ ਹੈ।

ਸਿੱਖਿਆ ਮੰਤਰਾਲਾ ਹੁਕਮ ਦਿੰਦਾ ਹੈ ਵਰ੍ਹੇ ਵਿੱਚ ਘੱਟੋ-ਘੱਟ ਇੱਕ ਵਾਰ ਆਈ.ਈ.ਪੀ. ਦੀ ਸਮੀਖਿਆ ਕੀਤੀ ਜਾਏ।

ਸਕੂਲ ਦੇ ਪ੍ਰਿੰਸੀਪਲ ਇਹ ਯਕੀਨੀ ਬਣਾਉਣ ਦੀ ਸਮੁੱਚੀ ਜ਼ੁੰਮੇਵਾਰੀ ਲੈਂਦੇ ਹਨ ਕਿ, ਸਕੂਲ ਵਿੱਚ ਹਰੇਕ ਉਸ ਵਿਦਿਆਰਥੀ, ਜਿਸਨੂੰ ਇੱਕ ਆਈ.ਈ.ਪੀ. ਦੀ ਲੋੜ ਹੈ, ਲਈ ਆਈ.ਈ.ਪੀ. ਵਿਕਸਿਤ ਕੀਤੀ ਜਾਂਦੀ ਹੈ, ਉਸਨੂੰ ਅਮਲ ਵਿੱਚ ਲਿਆਂਦਾ ਜਾਂਦਾ ਹੈ ਅਤੇ ਸਾਲਾਨਾ ਤੌਰ ਤੇ ਇਸਦੀ ਸਮੀਖਿਆ ਕੀਤੀ ਜਾਂਦੀ ਹੈ।

ਜੋ ਅਧਿਆਪਕ ਖਾਸ ਲੋੜਾਂ ਵਾਲੇ ਕਿਸੇ ਵਿਦਿਆਰਥੀ ਦੀ ਜ਼ੁੰਮੇਵਾਰੀ ਲੈਂਦੇ ਹਨ, ਉਹਨਾਂ ਲਈ ਉਸ ਬੱਚੇ ਦਾ ਸਿੱਖਿਆ ਸੰਬੰਧੀ ਪ੍ਰੋਗਰਾਮ ਤਿਆਰ ਕਰਨਾ, ਉਸਦੀ ਨਿਗਰਾਨੀ ਕਰਨਾ ਅਤੇ ਮੁਲਾਂਕਣ ਕਰਨਾ ਲਾਜ਼ਮੀ ਹੁੰਦਾ ਹੈ। ਦੂਜੇ ਸਕੂਲ ਅਤੇ ਜਿਲਾ ਸਟਾਫ ਦੀਆਂ ਵੀ ਇਹ ਯਕੀਨੀ ਬਣਾਉਣ ਲਈ ਜ਼ੁੰਮੇਵਾਰੀਆਂ ਹੁੰਦੀਆਂ ਹਨ ਕਿ ਇੱਕ ਆਈ.ਈ.ਪੀ. ਵਿੱਚ ਸ਼ਾਮਲ ਕਾਰਜਨੀਤੀਆਂ ਅਨੁਰੂਪ ਹੁੰਦੀਆਂ ਹਨ।

ਡ੍ਰਾਫਟ ਆਈ.ਈ.ਪੀ. ਦੀ ਕਾਪੀ ਦਾ ਮੰਗਣਾ ਗ਼ਲਤਫ਼ਹਿਮੀਆਂ ਨੂੰ ਜਲਦੀ ਦੂਰ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ। ਜਦੋਂ ਸਾਡੇ ਆਈ.ਈ.ਪੀ. ਵਿੱਚ ਦਿੱਤੇ ਵਿਚਾਰ ਸਕੂਲ ਦੇ ਵਿਚਾਰਾਂ ਤੋਂ ਵੱਖ ਹੋਣ ਤਾਂ ਉਪਾਅ ਕਰਨ ਲਈ ਪੰਨਾ 16 ਦੇਖੋ, "ਜਦੋਂ ਚੀਜ਼ਾਂ ਗਲਤ ਹੋ ਜਾਣ"।

ਖਾਸ ਸਿੱਖਿਆ ਸੇਵਾਵਾਂ ਤੇ ਸਿੱਖਿਆ ਮੰਤਰਾਲਾ ਦੇ ਵਿਆਪਕ ਵਿਧਾਨ ਅਤੇ ਨੀਤੀ ਲਈ, ਦੇਖੋ *ਖਾਸ ਸਿੱਖਿਆ ਸੇਵਾਵਾਂ: ਨੀਤੀਆਂ, ਪ੍ਰਕਿਰਿਆਵਾਂ ਅਤੇ ਗਾਈਡਲਾਈਂਸ* ਦੀ ਇੱਕ ਨੇਮਾਵਲੀ *(Special Education Services: A Manual of Policies, Procedures and Guidelines)*।

ਸਿੱਖਿਆ ਮੰਤਰਾਲੇ ਦੇ ਵਿਅਕਤੀਗਤ ਸਿੱਖਿਆ ਯੋਜਨਾ ਆਰਡਰ ਵਿੱਚ ਉਹਨਾਂ ਸਥਿਤੀਆਂ ਦੀ ਸੂਚੀ ਹੈ, ਜਿਹਨਾਂ ਵਿੱਚ ਖਾਸ ਲੋੜਾਂ ਵਾਲੇ ਕਿਸੇ ਵਿਦਿਆਰਥੀ ਲਈ ਇੱਕ ਆਈ.ਈ.ਪੀ. ਦੀ ਲੋੜ ਨਹੀਂ ਹੁੰਦੀ।

ਖਾਸ ਲੋੜਾਂ ਵਾਲਾ ਇੱਕ ਵਿਦਿਆਰਥੀ: ਇੱਕ ਅਜਿਹਾ ਵਿਦਿਆਰਥੀ ਜਿਸਦੀ ਇੱਕ ਬੌਧਿਕ, ਸ਼ਰੀਰਕ, ਸੰਵੇਦਨਾਤਮਿਕ, ਭਾਵਨਾਤਮਿਕ ਜਾਂ ਰਵੱਈਏ ਦੀ ਪ੍ਰਕਿਰਤੀ ਦੀ ਅਸਮਰਥਾ ਹੈ, ਸਿੱਖਿਆ ਸੰਬੰਧੀ ਅਸਮਰਥਾ ਹੈ ਜਾਂ ਖਾਸ ਸੁਗਾਤਾਂ ਜਾਂ ਯੋਗਤਾਵਾਂ ਹਨ।

— ਨੀਤੀਆਂ, ਪ੍ਰਕਿਰਿਆਵਾਂ ਅਤੇ ਗਾਈਡਲਾਈਂਸ ਦੀ ਇੱਕ ਨੇਮਾਵਲੀ, ਸੈਕਸ਼ਨ E
*(Manual of Policies, Procedures, and Guidelines, Section E)*

# ਜਦੋਂ ਚੀਜ਼ਾਂ ਗਲਤ ਹੋ ਜਾਂਦੀਆਂ ਹਨ

ਜਦੋਂ ਸਾਡੇ ਨਾਲ ਕੁਝ ਗਲਤ ਵਾਪਰਦਾ ਹੈ, ਤਾਂ ਅਸੀਂ ਆਮ ਤੌਰ ਤੇ ਕੰਮ ਕਰਨ ਤੋਂ ਪਹਿਲਾਂ ਸੋਚਣ ਵਿੱਚ ਸਮਾਂ ਲਗਾਉਂਦੇ ਹਾਂ। ਜਦੋਂ ਸਾਡੇ ਬੱਚਿਆਂ ਨਾਲ ਕੁਝ ਗਲਤ ਵਾਪਰਦਾ ਹੈ - ਖਾਸ ਕਰਕੇ ਸਾਡੇ ਵੱਧ ਕਮਜ਼ੋਰ ਬੱਚਿਆਂ ਨਾਲ - ਤਾਂ ਸਾਡਾ ਜੋਸ਼ ਅਕਸਰ ਵਧ ਜਾਂਦਾ ਹੈ। ਮੂਲ ਰੂਪ ਵਿੱਚ, ਅਸੀਂ ਆਪਣੇ ਬੱਚਿਆਂ ਦੀ ਰੱਖਿਆ ਕਰਨਾ ਚਾਹੁੰਦੇ ਹਨ, ਆਪਣੀ ਖੁਦ ਦੀ ਰੱਖਿਆ ਤੋਂ ਵੀ ਵੱਧ।

ਜਦੋਂ ਇੱਕ ਆਈ.ਈ.ਪੀ. ਹੁੰਦੀ ਹੈ ਤਾਂ ਅਸੀਂ ਆਪਣੀ ਭਾਵਨਾਤਮਿਕ ਬੇਚੈਨੀ ਨੂੰ ਕਿਵੇਂ ਸ਼ਾਂਤ ਕਰੀਏ? ਜਦੋਂ ਆਈ.ਈ.ਪੀ. ਦੀ ਪਾਲਣਾ ਨਹੀਂ ਕੀਤੀ ਜਾ ਰਹੀ ਹੋਵੇ ਜਾਂ ਸਾਡੀ ਰਾਏ ਨਹੀਂ ਲਈ ਜਾ ਰਹੀ ਹੋਵੇ ਤਾਂ ਅਸੀਂ ਕੀ ਕਰੀਏ? ਉਦੋਂ ਕੀ ਵਾਪਰਦਾ ਹੈ, ਜਦੋਂ ਬੱਚੇ ਦੀਆਂ ਲੋੜਾਂ ਦੇ ਪ੍ਰਤੀ ਸਾਡੇ ਵਿਚਾਰ ਸਕੂਲ ਦੇ ਵਿਚਾਰਾਂ ਤੋਂ ਵੱਖ ਹੋਣ?

ਇਹ ਉਚਿਤ ਸਵਾਲ ਹਨ। ਇਹਨਾਂ ਦਾ ਜਵਾਬ ਦਿੱਤਾ ਜਾਣਾ ਚਾਹੀਦਾ ਹੈ ।

ਮਾਤਾ-ਪਿਤਾ ਦੇ ਸਾਮ੍ਹਣੇ ਆਉਣ ਵਾਲੀਆਂ ਜ਼ਿਆਦਾਤਰ ਸਮੱਸਿਆਵਾਂ ਦਾ ਪਤਾ ਪ੍ਰਕਿਰਿਆ ਦੀ ਅਸਫਲਤਾ ਜਾਂ ਪ੍ਰਕਿਰਿਆ ਦੀ ਘਾਟ ਵਿੱਚ ਕੀਤਾ ਜਾ ਸਕਦਾ ਹੈ, ਉਦਾਹਰਨ ਲਈ:

- ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ ਅਤੇ ਫਿਰ ਉਸਦੀ ਉਪੇਖਿਆ ਕੀਤੀ ਗਈ
- ਪ੍ਰਕਿਰਿਆ ਨੂੰ ਚੰਗੀ ਤਰ੍ਹਾਂ ਸਮਝਿਆ ਨਹੀਂ ਗਿਆ ਸੀ
- ਪ੍ਰਕਿਰਿਆ ਕਦੇ ਵੀ ਉਚਿਤ ਸਮੇਂ ਤੇ ਸ਼ੁਰੂ ਨਹੀਂ ਕੀਤੀ ਗਈ ਸੀ

ਜਦੋਂ ਮਾਤਾ-ਪਿਤਾ ਅਤੇ ਸਕੂਲ ਵਿਚਕਾਰਲਾ ਸੰਬੰਧ ਵਿਰੋਧੀ ਬਣ ਜਾਂਦਾ ਹੈ, ਤਾਂ ਧਿਆਨ ਅਕਸਰ ਦੋਸ਼ ਲਗਾਉਣ ਤੇ ਕੇਂਦਰਿਤ ਹੋ ਜਾਂਦਾ ਹੈ। ਕਿਸਦੀ ਗਲਤੀ ਹੈ? ਉਹਨਾਂ ਨੇ ਇਸਨੂੰ ਸਵੀਕਾਰ ਕਿਉਂ ਨਹੀਂ ਕੀਤਾ? ਉਸੇ ਵੇਲੇ, ਧਿਆਨ ਬੱਚੇ ਤੋਂ ਵੱਡਿਆਂ ਤੇ ਤਬਦੀਲ ਹੋ ਜਾਂਦਾ ਹੈ।

ਇਸ ਪਰੇਸ਼ਾਨੀ ਦਾ ਜਵਾਬ ਜਿੰਨੀ ਜਲਦੀ ਹੋ ਸਕੇ, ਇੱਕ ਮੀਟਿੰਗ ਦੀ ਬੇਨਤੀ ਕਰਨਾ ਹੈ, ਇਹਨਾਂ ਦੋ ਮੰਤਵਾਂ ਲਈ:

- ਉਸ ਪ੍ਰਕਿਰਿਆ ਤੇ ਦੁਬਾਰਾ ਆਉਣ ਲਈ, ਜੋ ਆਈ.ਈ.ਪੀ. ਮੀਟਿੰਗ ਵਿੱਚ ਸ਼ੁਰੂ ਕੀਤੀ ਗਈ ਸੀ, ਜਾਂ ਸ਼ੁਰੂ ਕੀਤੀ ਜਾਣੀ ਚਾਹੀਦੀ ਸੀ
- ਵਿਰੋਧ ਦਾ ਪਤਾ ਲਗਾਉਣ ਅਤੇ ਇੱਕ ਹੱਲ ਲੱਭਣ ਲਈ

ਬੀ.ਸੀ.ਸੀ.ਪੀ.ਏ.ਸੀ. (BCCPAC) *ਦੀ ਰਾਏ ਪ੍ਰਗਟ ਕਰਨਾ: ਪਬਲਿਕ ਸਕੂਲਾਂ ਵਿੱਚ ਵਿਦਿਆਰਥੀਆਂ ਦਾ ਸਮਰਥਨ ਕਰਨ ਲਈ ਇੱਕ ਮਾਤਾ-ਪਿਤਾ ਗਾਈਡ* ਉਦੋਂ ਇੱਕ ਬਹੁਮੁੱਲਾ ਸਾਧਨ ਹੁੰਦਾ ਹੈ, ਜਦੋਂ ਇਸ ਤਰ੍ਹਾਂ ਦੀ ਸਮੱਸਿਆਵਾਂ ਪੈਦਾ ਹੁੰਦੀਆਂ ਹਨ।

ਇਸ ਗਾਈਡ ਵਿੱਚ, ਅਸੀਂ ਜਾਣਬੁੱਝ ਕੇ ਇੱਕ ਅਸਰਦਾਰ ਆਈ.ਈ.ਪੀ. ਵਿਕਸਿਤ ਕਰਨ ਲਈ ਮੂਲ ਤੱਤ ਦੇ ਤੌਰ ਤੇ ਸਹਿਯੋਗ ਤੇ ਜ਼ੋਰ ਦਿੱਤਾ ਹੈ। ਜਦੋਂ ਲੋਕ ਸਹਿਯੋਗ ਕਰਦੇ ਹਨ, ਤਾਂ ਸਮੱਸਿਆਵਾਂ ਸਨਮਾਨਪੂਰਨ ਗੱਲਬਾਤ ਰਾਹੀਂ ਹੱਲ ਹੋ ਜਾਂਦੀਆਂ ਹਨ। ਇੱਕ ਚੰਗੀ ਆਈ.ਈ.ਪੀ. ਮੀਟਿੰਗ, ਇਸਦੀ ਪ੍ਰਕਿਰਤੀ ਅਨੁਸਾਰ, ਗੈਰ- ਵਿਰੋਧੀ ਹੁੰਦੀ ਹੈ। ਇਸ ਵਿੱਚ ਸਮੱਸਿਆਵਾਂ ਨਾਲ ਪੇਸ਼ ਆਉਣ ਦੀ ਇੱਕ ਪ੍ਰਕਿਰਿਆ ਬਣਾਉਣ ਲਈ ਸਮਾਂ ਲਗਾਉਣਾ ਸ਼ਾਮਲ ਹੁੰਦਾ ਹੈ। ਇਹ ਸਮਝਦੇ ਹੋਏ ਕਿ ਹਰ ਚੀਜ਼ ਵਿੱਚ ਸਫਲਤਾ ਨਹੀਂ ਮਿਲ ਸਕਦੀ, ਅਤੇ ਇਹ ਕਿ ਅਸਫਲਤਾ ਚੀਜ਼ਾਂ ਨੂੰ ਸਹੀ ਕਰਨ ਦਾ ਇੱਕ ਸਾਧਨ ਹੈ, ਇਹ ਅਸਫਲਤਾ ਨੂੰ ਸਵੀਕਾਰ ਕਰਦੀ ਹੈ।

ਕਦੇ-ਕਦੇ, ਮਾਤਾ-ਪਿਤਾ ਦੇ ਤੌਰ ਤੇ, ਸਾਨੂੰ ਆਪਣੇ ਬੱਚਿਆਂ ਲਈ ਮਜ਼ਬੂਤ ਸਮਰਥਕ ਬਣਨ ਦੀ ਲੋੜ ਹੁੰਦੀ ਹੈ। ਉਹਨਾਂ ਦੇ ਵੱਲੋਂ ਆਪਣੀ ਰਾਏ ਦੇਣਾ ਸਾਡੀ ਜ਼ੁੰਮੇਵਾਰੀ ਹੈ ਅਤੇ ਸਾਨੂੰ ਹੱਕ ਹੈ ਕਿ ਸਾਡੀ ਰਾਏ ਸਵੀਕਾਰ ਕੀਤੀ ਜਾਏ। ਇੱਕ ਆਈ.ਈ.ਪੀ. ਮੀਟਿੰਗ ਵਿੱਚ ਹਿਮਾਇਤ ਇੱਕ ਸਹਿਯੋਗਾਤਮਕ ਰਾਏ ਦਾ ਵਰਤਾਓ ਕਰਦੀ ਹੈ - ਅਤੇ ਉਹ ਸਾਡੇ ਬੱਚਿਆਂ ਦੀ ਸਹਾਇਤਾ ਕਰਨ ਦਾ ਇੱਕ ਪ੍ਰਭਾਵਸ਼ਾਲੀ ਸਾਧਨ ਹੈ।

> ਅਸੀਂ ਆਪਣੇ ਲਈ ਲੁੜੀਂਦੀਆਂ ਚੀਜ਼ਾਂ ਲਈ ਉਡੀਕ ਕਰ ਸਕਦੇ ਹਾਂ। ਪਰ ਬੱਚੇ ਅਜਿਹਾ ਨਹੀਂ ਕਰ ਸਕਦੇ। ਇਹ ਉਹ ਸਮਾਂ ਹੁੰਦਾ ਹੈ, ਜਦੋਂ ਉਸਦੀਆਂ ਹੱਡੀਆਂ ਆਕਾਰ ਗ੍ਰਹਿਣ ਕਰ ਰਹੀਆਂ ਹੁੰਦੀਆਂ ਹਨ, ਉਸਦਾ ਖੂਨ ਬਣ ਰਿਹਾ ਹੁੰਦਾ ਹੈ, ਅਤੇ ਉਸਦੀਆਂ ਬੋਧ ਇੰਦਰੀਆਂ ਵਿਕਸਿਤ ਹੋ ਰਹੀਆਂ ਹੁੰਦੀਆਂ ਹਨ। ਉਸਨੂੰ ਅਸੀਂ 'ਕੱਲ੍ਹ' ਜਵਾਬ ਨਹੀਂ ਦੇ ਸਕਦੇ; ਉਸਦਾ ਨਾਮ 'ਅੱਜ' ਹੈ।
>
> —ਗੈਬਰੀਲਾ ਮਿਸਟਰਲ, *Su Nombrees Hoy* (ਹਿਜ ਨੇਮ ਇਜ ਟੂਡੇ)
>
> *Gabriela Mistral, Su Nombrees Hoy (His Name is Today)*

# ਸੰਦਰਭ ਅਤੇ ਸਾਧਨ


ਬੇਕਰ ਫਿਓਨਾ, "ਬੱਚਿਆਂ ਵਿੱਚ ਸਿੱਖਣ ਦੇ ਢੰਗ," ਕਿਡਸਪੌਟ: ਤੁਹਾਡੇ ਬੱਚੇ। ਤੁਹਾਡਾ ਜੀਵਨ। http://www.kidspot.com.au/schoolzone//Learning-Learning-styles-Learning-styles-in-children+4053+391+article.htm ਤੇ ਉਪਲਬਧ ਹੈ।

ਮਾਤਾ-ਪਿਤਾ ਸਲਾਹਕਾਰ ਕੌਂਸਲਾਂ ਦੇ ਬੀ.ਸੀ. ਮਹਾਂਸੰਘ ਦੀ, *ਸਪੀਕਿੰਗ ਅਪ ! ਪਬਲਿਕ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਸਮਰਥਨ ਲਈ ਇੱਕ ਮਾਤਾ-ਪਿਤਾ ਗਾਈਡ,* 2008. ਇਸ ਵਿੱਚ ਆਪਣੇ ਬੱਚੇ ਦਾ ਸਮਰਥਨ ਕਿਵੇਂ ਕੀਤਾ ਜਾਏ, ਮਾਤਾ-ਪਿਤਾ ਦੇ ਹੱਕਾਂ ਅਤੇ ਜ਼ੁੰਮੇਵਾਰੀਆਂ, ਫੈਸਲਾ ਲੈਣ ਵਿੱਚ ਨਿਰਪੱਖਤਾ, ਅਤੇ ਸਮੱਸਿਆਵਾਂ ਨੂੰ ਹੱਲ ਕਰਨ ਤੇ ਸੁਝਾਵਾਂ ਬਾਰੇ ਵਿਸਤਾਰ ਨਾਲ ਸਮਝਾਇਆ ਗਿਆ ਹੈ। ਇੱਥੇ ਉਪਲਬਧ ਹੈ: http://www.bccpac.bc.ca/resources/speaking

B.C. ਸਿੱਖਿਆ ਮੰਤਰਾਲਾ, *ਅਨੁਕੂਲਨਾਂ ਅਤੇ ਸੰਸ਼ੋਧਨਾਂ ਦੀ ਇੱਕ ਗਾਈਡ।* ਇੱਥੇ ਉਪਲਬਧ ਹੈ: http://www.bced.gov.bc.ca/specialed/docs/adaptations_and_modifications_guide.pdf

B.C. ਸਿੱਖਿਆ ਮੰਤਰਾਲਾ, *ਵਿਅਕਤੀਗਤ ਸਿੱਖਿਆ ਯੋਜਨਾ ਆਰਡਰ।* ਇੱਥੇ ਉਪਲਬਧ ਹੈ: http://www.bced.gov.bc.ca/legislation/schoollaw/e/m638-95.pdf

B.C. ਸਿੱਖਿਆ ਮੰਤਰਾਲਾ, *ਖਾਸ ਲੋੜਾਂ ਵਾਲੇ ਵਿਦਿਆਰਥੀਆਂ ਲਈ ਵਿਅਕਤੀਗਤ ਸਿੱਖਿਆ ਯੋਜਨਾਬੰਦੀ: ਅਧਿਆਪਕਾਂ ਲਈ ਇੱਕ ਰਿਸੋਰਸ ਗਾਈਡ,* ਨਵੰਬਰ 2009. ਇਸ ਵਿੱਚ ਆਈ.ਈ.ਪੀ. ਤੇ ਵਿਸਤ੍ਰਿਤ ਜਾਣਕਾਰੀ ਹੈ। ਆਈ.ਈ.ਪੀ. ਵਿੱਚ ਭਾਗ ਲੈਣ ਤੇ ਮਾਤਾ-ਪਿਤਾ (ਅੰਤਕਾ 2) ਅਤੇ ਵਿਦਿਆਰਥੀਆਂ ਲਈ (ਅੰਤਕਾ 3) ਸੁਝਾਅ ਸ਼ਾਮਲ ਹਨ। ਇੱਥੇ ਉਪਲਬਧ ਹੈ: http://www.bced.gov.bc.ca/specialed/docs/ iepssn.pdf

B.C. ਸਿੱਖਿਆ ਮੰਤਰਾਲਾ, "ਸੂਬਾਈ ਪਰੀਖਿਆਵਾਂ—ਅਦਾਲਤੀ ਹੁਕਮ।" ਇੱਥੇ ਉਪਲਬਧ ਹੈ: http:// www.bced.gov.bc.ca/exams/adjudication/

B.C. ਸਿੱਖਿਆ ਮੰਤਰਾਲਾ, ਖਾਸ ਸਿੱਖਿਆ ਸੇਵਾਵਾਂ: ਨੀਤੀਆਂ, ਪ੍ਰਕਿਰਿਆਵਾਂ ਅਤੇ ਗਾਈਡਲਾਈਂਸ ਦੀ ਇੱਕ ਨੇਮਾਵਲੀ, ਅਪਰੈਲ 2010. ਖਾਸ ਲੋੜਾਂ ਵਾਲੇ ਵਿਦਿਆਰਥੀਆਂ ਲਈ ਸੇਵਾਵਾਂ ਦਾ ਵਰਣਨ ਕਰਦੀ ਹੈ। ਇਸ ਵਿੱਚ ਆਈ.ਈ.ਪੀ. ਤੇ ਵਿਧਾਨ ਅਤੇ ਰਾਜਕੀ ਹੁਕਮ (Ministerial Orders) ਅਤੇ ਇੱਕ ਖਾਸ ਸੈਕਸ਼ਨ ਲਈ ਲਿੰਕ ਦਿੱਤੇ ਗਏ ਹਨ। ਇੱਥੇ ਉਪਲਬਧ ਹੈ: http://www.bced.gov.bc.ca/specialed/special_ed_policy_manual.pdf

B.C. ਸਿੱਖਿਆ ਮੰਤਰਾਲਾ, ਵਿਦਿਆਰਥੀ ਪ੍ਰਗਤੀ ਰਿਪੋਰਟ ਕਾਰਡ। ਇੱਥੇ ਉਪਲਬਧ ਹੈ: http://www.bced.gov.bc.ca/legislation/schoollaw/e/m191-94.pdf

ਬ੍ਰਿਟਿਸ਼ ਕੋਲੰਬੀਆ ਕਾਉਂਸਿਲ ਔਫ ਐਡਮਿਨੀਸਟ੍ਰੇਸ਼ੰਸ ਔਫ ਸਪੈਸ਼ਲ ਐਜੁਕੇਸ਼ਨ, ਮਾਤਾ-ਪਿਤਾ ਨਾਲ ਅਰਥਪੂਰਨ ਸੋਚ-ਵਿਚਾਰ ਦਾ ਸਮਰਥਨ ਕਰਨਾ, 2008 (British Columbia Council of Administrators of Special Education, Supporting Meaningful Consultation with Parents, 2008)। ਇਸ ਵਿੱਚ ਮਾਤਾ-ਪਿਤਾ ਨਾਲ ਅਰਥਪੂਰਨ ਸੋਚ-ਵਿਚਾਰ ਸਥਾਪਿਤ ਕਰਨ ਵਿੱਚ ਮੁੱਖ ਤੱਤਾਂ, ਲਾਭਾਂ ਅਤੇ ਰੁਕਾਵਟਾਂ, ਸਵਾਲ ਅਤੇ ਜਵਾਬ, ਅਤੇ ਮਾਮਲਾ ਅਧਿਐਨਾਂ (ਕੇਸ ਸਟਡੀਜ) ਅਤੇ ਉਦਾਹਰਨਾਂ ਤੇ ਧਿਆਨ ਦਿੱਤਾ ਗਿਆ ਹੈ। ਇੱਥੇ ਉਪਲਬਧ ਹੈ: http://sd41.bc.ca/learning_support/pdf/meaningfulConsultation.pdf

"ਸਿੱਖਣ ਦੇ ਵੱਖਰੇ ਢੰਗ" ("Different Learning Styles"), ਤੁਹਾਡਾ ਸ਼ਬਦਕੋਸ਼: ਉਹ ਸ਼ਬਦਕੋਸ਼ ਜਿਸਨੂੰ ਤੁਸੀਂ ਸਮਝ ਸਕਦੇ ਹੋ। http://education.yourdictionary.com/for-teachers/different-learning-styles.html

ਮੁੱਰੇ ਕੈਰੋਲਿਨ, "ਸਵੀਕ੍ਰਿਤੀ", ਬੱਚਿਆਂ ਦੀਆਂ ਅਸਮਰਥਾਵਾਂ ਦੀ ਜਾਣਕਾਰੀ। ਇੱਥੇ ਉਪਲਬਧ ਹੈ: http://www.childrensdisabilities.info/parenting/acceptance.html